ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind *Weekly*

Vol. 19 Issue 16 Friday July 19 to 25 July, 2024 Published Weekly from New York www.PUNJABIDUNIYAMEDIA.com

Thinking of Buying/Selling ?
MINZONE REALTY INC
Baldev Singh
Associate Broker/Notary Public
146-20 34 av. Flushing NY 11354
Cell : 917-224-7395
Email : josanbaldev@yahoo.com

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

PUNJABI DUNIYA

The South Asian

INSIDER

The South Asian

INSIDER

Voice of South Asian Community Since March 2002

Vol. 23 Issue 20 Friday 19 July to 25 July 2024 $1 www.thesouthasianinsider.com

Why Donald Trump chose J.D. Vance to be his running mate.
Page 11

House Oversight panel subpoenas Secret Service director to testify on Trump assassination attempt
Story on Page 11

Interpol arrests 300 people in a global crackdown on West African crime groups
Story on Page 11

Are you paying too Much for Business Insurance ?
Call us today to find out how much you can save?
Phone: 646 875 8495
Advt.

New trans sports restrictions in New York hit with legal battles
Story on Page 13

Sikh Republican Harmeet Dhillon flamed for 'Ardas' at party meet: 'Blasphemous'
Story on Page 13

UK busts gang of British-Indians over drugs, money laundering after 2-year probe
Story on Page 12

From Misinformation To Fraud, The Alarming Rise Of Deepfakes In India
Story on Page 12

Sen. Bob Menendez found guilty on all counts, including acting as foreign agent, in federal corruption trial
Story on Page 13

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

ਪੰਜਾਬੀ ਦੁਨੀਆ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
917-612-3158

Vol. 13 Issue 42 Tuesday July 31 to August 06, 2018 www.PUNJABIDUNIYA.com Published Weekly from New York

ਪੰਜਾਬ ਦੀ ਕਥਿਤ ਸਿਆਸੀ ਬਦਲਾਖੋਰੀ ਬਣ ਰਹੀ ਹੈ ਅਮਰੀਕਾ 'ਚ ਸ਼ਰਣ ਲੈਣ ਦਾ ਆਧਾਰ

'ਆਪ' ਦਾ ਕਾਰਕੁੰਨ ਦੱਸ ਕੇ ਕਾਂਗਰਸ ਸਰਕਾਰ 'ਤੇ ਤੰਗ ਪ੍ਰੇਸ਼ਾਨ ਕਰਨ ਦਾ ਲਗਾਉਂਦੇ ਨੇ ਦੋਸ਼

ਪਾਕਿ 'ਚ ਇਮਰਾਨ ਦੀ ਪਾਰਟੀ ਦਾ ਗੁਰਸਿੱਖ ਆਗੂ ਬਣਿਆ ਵਿਧਾਇਕ

ਪੰਜਾਬ 'ਚ ਹਰ ਸਾਲ 2000 ਕਰੋੜ ਦਾ ਹੁੰਦੇ ਨਸ਼ਿਆਂ ਦਾ ਕਾਰੋਬਾਰ

Insurance
Property & Casualty
Business, Liability, Disability, Workers Comp., E & O, Auto, Home
917-612-3158
www.whitestonecorpusa.com

Looking for Short Sale, Bank Foreclosure Properties ?
Sharanjit Singh Thind

Youtube, Facbook, Twiter, Instagramme, Linkedin, Tiktok

ਅੱਜ ਦਾ ਜ਼ਮਾਨਾ ਸੋਸ਼ਲ ਮੀਡੀਆ ਦਾ ਜ਼ਮਾਨਾ ਹੈ
ਤੇ ਤੁਸੀਂ ਵੀ ਸਾਡੇ ਰਾਹੀਂ ਆਪਣੇ
ਕਾਰੋਬਾਰ ਨੂੰ ਵਧਾਉਣ ਲਈ ਅੱਜ ਹੀ ਸਾਡੇ ਨਾਲ ਸੰਪਰਕ ਕਰੋ

ਅਮਰੀਕਾ ਤੋਂ ਪ੍ਰਕਾਸ਼ਿਤ ਹੋ ਰਹੇ
ਪੰਜਾਬੀ ਦੁਨੀਆ ਅਖ਼ਬਾਰ
ਵਿਚ ਆਪਣੀ ਛਪਣਯੋਗ ਸਮੱਗਰੀ ਹੇਠ ਲਿਖੇ
ਈਮੇਲ ਪਤੇ ਤੇ ਭੇਜੋ। ਸਮੱਗਰੀ ਪੰਜਾਬੀ ਦੇ
ਕਿਸੇ ਵੀ ਫੌਂਟ ਵਿਚ ਤੁਸੀਂ ਭੇਜ ਸਕਦੇ ਹੋ

punjabiduniya@gmail.com,
/www.thesouthasianinsider.com/punjabi-duniya

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 19 Issue 16 Friday July 19 to 25 July, 2024 Published Weekly from New York www.PUNJABIDUNIYAMEDIA.com

Thinking of Buying/Selling ?
MINZONE REALTY INC
Baldev Singh
Associate Broker/Notary Public
146-20 34 av. Flushing NY 11354
Cell : 917-224-7395
Email : josanbaldev@yahoo.com

ਟਰੰਪ ਤੇ ਫਿਰ ਹਮਲੇ ਦੀ ਸਾਜ਼ਿਸ਼?

ਕਨਵੈਨਸ਼ਨ ਸੈਂਟਰ ਦੇ ਬਾਹਰ ਪੁਲਿਸ ਨੇ ਚਾਕੂ ਲਹਿਰਾਉਂਦੇ ਵਿਅਕਤੀ ਨੂੰ ਕੀਤਾ ਢੇਰ, AK-47 ਬਰਾਮਦ

ਮਿਲਵਾਕੀ : ਹਾਲ ਹੀ ਵਿੱਚ ਅਮਰੀਕਾ ਵਿੱਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਗੋਲੀ ਚਲਾਈ ਗਈ ਸੀ। ਇਸ ਤੋਂ ਬਾਅਦ ਟਰੰਪ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਚ ਹਿੱਸਾ ਲੈਣ ਲਈ ਮਿਲਵਾਕੀ ਗਏ ਹਨ। ਹੁਣ ਨੈਸ਼ਨਲ ਕਨਵੈਨਸ਼ਨ ਚ ਪੰਜ ਪੁਲਿਸ ਅਧਿਕਾਰੀਆਂ ਵੱਲੋਂ ਇੱਕ ਵਿਅਕਤੀ ਤੇ ਗੋਲੀ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ।ਘਟਨਾ ਬਾਰੇ ਜਾਣਕਾਰੀ ਦਿੰਦਿਆਂ ਮਿਲਵਾਕੀ ਪੁਲਿਸ ਮੁਖੀ ਨੇ ਦੱਸਿਆ ਕਿ ਵਿਸਕਾਨਸਿਨ ਵਿੱਚ ਓਹੀਓ ਦੇ ਪੰਜ ਪੁਲਿਸ ਅਧਿਕਾਰੀਆਂ ਨੇ ਸੰਮੇਲਨ ਦੇ ਨੇੜੇ ਚਾਕੂ ਨਾਲ ਲੜ ਰਹੇ ਇੱਕ ਵਿਅਕਤੀ ਤੇ ਗੋਲੀ ਚਲਾ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ।ਮਿਲਵਾਕੀ ਦੇ ਮੁਖੀ ਜੈਫਰੀ ਨੌਰਮਨ ਨੇ ਇੱਕ ਕਾਨਫਰੰਸ ਵਿੱਚ ਕਿਹਾ ਕਿ ਕੋਲੰਬਸ, ਓਹੀਓ ਪੁਲਿਸ ਵਿਭਾਗ ਦੇ ਮੈਂਬਰਾਂ ਦੁਆਰਾ ਗੋਲੀ ਮਾਰਨ ਵਾਲੇ ਵਿਅਕਤੀ ਦੇ ਦੋਵੇਂ ਹੱਥਾਂ ਵਿੱਚ ਚਾਕੂ ਸੀ ਅਤੇ ਉਸਨੇ ਪੁਲਿਸ ਦੇ ਹੁਕਮਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਮਿਲਵਾਕੀ ਮੁਖੀ ਨੇ ਅੱਗੇ ਦੱਸਿਆ ਕਿ ਵਿਅਕਤੀ ਕੋਲੋਂ ਦੋ ਚਾਕੂ ਅਤੇ ਇੱਕ ਏਕੇ-47 ਬਰਾਮਦ ਕੀਤੀ ਗਈ ਹੈ।

ਓਮਾਨ: ਮਸਜਿਦ ਨਜ਼ਦੀਕ ਗੋਲੀਬਾਰੀ ਦੌਰਾਨ 1 ਭਾਰਤੀ ਸਮੇਤ 6 ਦੀ ਮੌਤ



ਦੁਬਈ/ਮਸਕਟ, ਓਮਾਨ ਦੀ ਰਾਜਧਾਨੀ ਮਸਕਟ ਵਿਚ ਸ਼ਿਆ ਮਸਜਿਦ ਨਜ਼ਦੀਕ ਇਸਲਾਮਿਕ ਸਟੇਟ ਅਤਿਵਾਦੀ ਸਮੂਹ ਦੀ ਗੋਲੀਬਾਰੀ ਵਿਚ ਛੇ ਵਿਅਕਤੀਆਂ ਦੀ ਮੌਤ ਹੋ ਗਈ, ਜਿਨ੍ਹਾਂ ਵਿਚ ਇਕ ਭਾਰਤੀ ਵੀ ਸ਼ਾਮਲ ਹੈ। ਜਾਣਕਾਰੀ ਅਨੁਸਾਰ ਸੋਮਵਾਰ ਰਾਤ ਹੋਈ ਇਸ ਗੋਲੀਬਾਰੀ ਦੌਰਾਨ ਇਕ ਪੁਲੀਸ ਕਰਮੀ ਅਤੇ ਪੰਜ ਪਾਕਿਸਤਾਨੀਆਂ ਦੀ ਵੀ ਮੌਤ ਹੋਈ ਹੈ ਅਤੇ 28 ਵਿਅਕਤੀ ਜ਼ਖ਼ਮੀ ਹੋਏ ਹਨ। ਮਸਕਟ ਵਿਚ ਭਾਰਤੀ ਦੂਤਾਵਾਸ ਨੇ 'ਐਕਸ' ਤੇ ਸਾਂਝੀ ਕੀਤੀ ਪੋਸਟ ਵਿਚ ਦੱਸਿਆ ਹੈ ਕਿ ਮਸਕਟ ਸ਼ਹਿਰ ਵਿਚ ਹੋਈ ਗੋਲੀਬਾਰੀ ਦੌਰਾਨ ਇਕ ਭਾਰਤੀ ਦੀ ਮੌਤ ਹੋਈ ਹੈ, ਜਦੋਂ ਕਿ ਇਕ ਵਿਅਕਤੀ ਜ਼ਖ਼ਮੀ ਹੋਇਆ ਹੈ। ਉਧਰ ਅਤਿਵਾਦੀ ਸਮੂਹ ਇਸਲਾਮਿਕ ਸਟੇਟ ਨੇ ਇਸ ਹਸਲੇ ਦੀ ਜ਼ਿੰਮੇਵਾਰੀ ਲਈ ਹੈ।

ਦਿਲਜੀਤ ਦੇ ਸ਼ੋਅ ਦੀ ਰਿਹਰਸਲ 'ਚ ਪੁੱਜੇ ਟਰੂਡੋ

ਨਵੀਂ ਦਿੱਲੀ- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਟੋਰਾਂਟੋ ਦੇ ਰੋਜਰਜ਼ ਸੈਂਟਰ ਵਿੱਚ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਦੇ ਸੰਗੀਤ ਸਮਾਗਮ ਤੋਂ ਪਹਿਲਾਂ ਅਚਾਨਕ ਉਨ੍ਹਾਂ ਨੂੰ ਮਿਲਣ ਪਹੁੰਚੇ। ਦੋਸਾਂਝ ਨੇ ਟਰੂਡੋ ਦੀ ਫੇਰੀ ਦੀ ਵੀਡੀਓ ਇੰਸਟਾਗ੍ਰਾਮ 'ਤੇ ਸਾਂਝੀ ਕੀਤੀ ਹੈ, ਜਿਸ 'ਚ ਉਹ ਅਤੇ ਟਰੂਡੋ ਹੱਥ ਜੋੜ ਕੇ ਇੱਕ-ਦੂਜੇ ਨੂੰ ਬੁਲਾਉਂਦੇ ਨਜ਼ਰ ਆ ਰਹੇ ਹਨ।ਵੀਡੀਓ ਵਿੱਚ ਦੋਵਾਂ ਨੂੰ ਜੱਫੀ ਪਾਉਂਦੇ ਵੀ ਦੇਖਿਆ ਜਾ ਸਕਦਾ ਹੈ। ਟਰੂਡੋ ਨੇ ਗਾਇਕ ਦੀ ਟੀਮ ਨਾਲ ਫੋਟੋਆਂ ਵੀ ਖਿਚਵਾਈਆਂ। ਇਸ ਦੌਰਾਨ ਟੀਮ ਨੇ 'ਜਸਟਿਨ, ਜਸਟਿਨ' ਦੇ ਨਾਅਰੇ ਲਗਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਤਿਹਾਸ ਰਚਦਾ ਦੇਖਣ ਪਹੁੰਚੇ।" ਉਸ ਨੇ ਕਿਹਾ, "ਮੈਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮਿਲੇ ਸਨਮਾਨ ਲਈ ਬਹੁਤ ਧੰਨਵਾਦੀ ਹਾਂ, ਇੱਥੋਂ ਦੇ ਭਾਈਚਾਰੇ ਵੱਲੋਂ ਮਿਲਿਆ ਪਿਆਰ ਸਚਮੁੱਚ ਦਿਲ ਨੂੰ ਛੂਹਣ ਵਾਲਾ ਹੈ। ਇਹ ਟੂਰ ਸਾਡੀ ਸੱਭਿਆਚਾਰਕ ਵਿਰਾਸਤ ਦਾ ਜਸ਼ਨ ਹੈ ਅਤੇ ਮੈਂ ਸੰਗੀਤ ਰਾਹੀਂ ਲੋਕਾਂ ਨੂੰ ਇਕੱਠੇ ਕਰਨ ਦੇ ਮਿਲੇ ਇਸ ਮੌਕੇ ਲਈ ਸਭ ਦਾ ਧੰਨਵਾਦੀ ਹਾਂ।"

ਕਿਸਾਨਾਂ ਦੀ ਹਰਿਆਣਾ ਪੁਲਸ ਨਾਲ ਬਣੀ ਸਹਿਮਤੀ, ਹਿਰਾਸਤ 'ਚ ਲਏ ਆਗੂ ਹੋਏ ਰਿਹਾਅ

ਅੰਬਾਲਾ , : ਅੰਬਾਲਾ ਵਿਚ ਕਿਸਾਨਾਂ ਨੇ ਇਕੱਠਾ ਹੋਣ ਦੀ ਕਾਲ ਦਿੱਤੀ ਸੀ ਪਰ ਇਸ ਤੋਂ ਪਹਿਲਾਂ ਹੀ ਕਿਸਾਨ ਅਤੇ ਪੁਲਸ ਆਹਮੋ-ਸਾਹਮਣੇ ਹੋ ਗਏ। ਦਰਅਸਲ ਵਾਟਰ ਕੈਨਨ ਬੁਆਏ ਨਵਦੀਪ ਜਲਬੇੜਾ ਦੀ ਬੀਤੀ ਸ਼ਾਮ ਜੇਲ੍ਹ ਤੋਂ ਰਿਹਾਈ ਹੋਈ, ਜਿਸ ਨੂੰ ਕਿਸਾਨਾਂ ਵਲੋਂ ਸਨਮਾਨਤ ਕੀਤਾ ਜਾਣਾ ਸੀ। ਕਿਸਾਨਾਂ ਨੇ ਅੰਬਾਲਾ ਦੀ ਅਨਾਜ ਮੰਡੀ ਵੀ ਜਾਣਾ ਸੀ ਪਰ ਕਿਸਾਨਾਂ ਨੂੰ ਪੁਲਸ ਵਲੋਂ ਇਕੱਠਾ ਨਹੀਂ ਹੋਣ ਦਿੱਤਾ ਅਤੇ ਉਨ੍ਹਾਂ ਨੂੰ ਹਿਰਾਸਤ 'ਚ ਲਿਆ ਗਿਆ ਹਾਲਾਂਕਿ ਕਿਸਾਨਾਂ ਅਤੇ ਪ੍ਰਸ਼ਾਸਨ ਵਿਚ ਗੱਲਬਾਤ ਮਗਰੋਂ ਕਿਸਾਨਾਂ ਨੂੰ 5 ਘੰਟੇ ਬਾਅਦ ਰਿਹਾਅ ਕਰ ਦਿੱਤਾ ਗਿਆ। ਜਿਸ ਤੋਂ ਬਾਅਦ ਕਿਸਾਨਾਂ ਨੇ ਅੰਬਾਲਾ ਤੋਂ ਵਾਪਸੀ ਦਾ ਐਲਾਨ ਕਰ ਦਿੱਤਾ। ਕਿਸਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਆਗੂਆਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਹੁਣ ਉਹ ਨਵਦੀਪ ਨੂੰ ਸ਼ੰਭੂ ਬਾਰਡਰ 'ਤੇ ਜਾ ਕੇ ਸਨਮਾਨ ਦੇਣਗੇ। ਇਸ ਦੇ ਨਾਲ ਹੀ ਅੰਬਾਲਾ ਪੁਲਸ ਨੇ ਧਾਰਾ-163 ਲਾਗੂ ਕਰ ਦਿੱਤੀ ਹੈ, ਜਿਸ ਤਹਿਤ 5 ਜਾਂ 5 ਤੋਂ ਵੱਧ ਲੋਕ ਇਕ ਥਾਂ 'ਤੇ ਇਕੱਠੇ ਨਹੀਂ ਹੋ ਸਕਦੇ ਹਨ। ਵਧੇਰੇ ਜਾਣਕਾਰੀ ਦਿੰਦਿਆਂ ਐਸ.ਪੀ ਅੰਬਾਲਾ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਧਾਰਾ-163 ਲਾਗੂ ਕਰ ਦਿੱਤੀ ਗਈ ਹੈ, ਜਿਸ ਦੇ ਮੱਦੇਨਜ਼ਰ ਅਮਨ-ਕਾਨੂੰਨ ਬਣਾਈ ਰੱਖਣ ਲਈ ਪੁਲਸ ਬਲ ਤਾਇਨਾਤ ਕੀਤਾ ਗਿਆ ਹੈ ਹਾਲਾਂਕਿ ਕਿਸਾਨਾਂ ਨੂੰ ਹਿਰਾਸਤ 'ਚ ਲੈਣ ਦੇ ਮਾਮਲੇ 'ਤੇ ਐੱਸ.ਪੀ. ਨੇ ਕਿਹਾ ਕਿ ਕਿਸਾਨਾਂ ਨੂੰ ਸਮਝਾਇਆ ਗਿਆ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ।

Insurance
Are you paying too much for Auto, Home, Business, Workman Compensation, Contractors, General Liability, E&O ?
Call us today for complimentary Analysis of your policy.
Sharanjit Singh Thind, Phone 646 875 8495

ਸਿੰਘ ਸਾਹਿਬਾਨ ਵੱਲੋਂ ਸੌਦਾ ਸਾਧ ਨੂੰ ਮੁਆਫ਼ੀ ਦੇਣ ਦੇ ਮਾਮਲੇ ਵਿੱਚ ਸੁਖਬੀਰ ਸਿੰਘ ਬਾਦਲ ਨੂੰ 15 ਦਿਨਾਂ 'ਚ ਸਪੱਸ਼ਟੀਕਰਨ ਦੇਣ ਦੇ ਹੁਕਮ

ਅੰਮ੍ਰਿਤਸਰ-:ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅੱਜ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਉਪਰੰਤ ਲਏ ਅਹਿਮ ਫੈਸਲੇ ਵਿਚ ਪਿਛਲੇ ਦਿਨੀਂ ਬਾਗੀ ਅਕਾਲੀ ਗਰੁੱਪ ਵਲੋਂ ਲਾਏ ਗਏ ਦੋਸ਼ਾਂ ਸਬੰਧੀ ਅਕਾਲੀ ਦਲ ਦੇ ਪ੍ਰਧਾਨ ਨੂੰ 15 ਦਿਨਾਂ ਅੰਦਰ ਨਿੱਜੀ ਤੌਰ 'ਤੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਦਾ ਆਦੇਸ਼ ਦਿੱਤਾ ਹੈ। ਇਸ ਦੇ ਨਾਲ ਹੀ ਡੇਰਾ ਮੁਖੀ ਦੀ ਮੁਆਫ਼ੀ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵਲੋਂ ਦਿੱਤੇ ਗਏ ਇਸ਼ਤਿਹਾਰਾਂ ਸਬੰਧੀ ਵੀ ਸ਼੍ਰੋਮਣੀ ਕਮੇਟੀ ਨੂੰ ਸਪੱਸ਼ਟੀਕਰਨ ਦੇਣ ਲਈ ਆਖਿਆ ਗਿਆ ਹੈ। ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਿੰਘ ਸਾਹਿਬਾਨ ਵਲੋਂ 24 ਘੰਟੇ ਗੁਰਦੁਆਰਾ ਸਾਹਿਬਾਨ ਦੀ ਪਹਿਰੇਦਾਰੀ ਕਰਨ ਦਾ ਵੀ ਆਦੇਸ਼ ਕੀਤਾ ਗਿਆ। ਨਿਹੰਗ ਸਿੰਘ ਸੰਪਰਦਾਏ ਬਾਬਾ ਬਿਧੀ ਚੰਦ ਜੀ ਸੁਰ ਸਿੰਘ ਦੇ ਨਾਲ ਸਬੰਧਿਤ ਬਾਬਾ ਦਇਆ ਸਿੰਘ ਸੁਰ ਸਿੰਘ ਵਾਲਿਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਪੰਥਕ ਸੇਵਾ ਅਵਾਰਡ ਦੇਣ ਦਾ ਵੀ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਸਿੱਖ ਸੰਗਤਾਂ ਨੂੰ ਵਾਤਾਵਰਣ ਦੀ ਸ਼ੁੱਧਤਾ ਅਤੇ ਹਰਿਆਵਲ ਲਈ ਵੱਧ ਤੋਂ ਵੱਧ ਬੂਟੇ ਲਾਉਣ ਲਈ ਵੀ ਆਦੇਸ਼ ਕੀਤਾ ਗਿਆ ਹੈ। ਅਕਾਲੀ ਦਲ ਦੇ ਬਾਗੀ ਧੜੇ ਨੇ ਇਕ ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਪੇਸ਼ ਹੋ ਕੇ ਮੁਆਫ਼ੀਨਾਮਾ ਸੌਂਪਿਆ ਸੀ। ਇਸ ਮੁਆਫ਼ੀਨਾਮੇ ਵਿਚ ਸੁਖਬੀਰ ਸਿੰਘ ਬਾਦਲ ਤੋਂ ਹੋਈਆਂ ਚਾਰ ਗਲਤੀਆਂ ਲਈ ਮੁਆਫੀ ਮੰਗੀ ਗਈ ਸੀ। ਜਿਸ ਵਿਚ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਮੁਆਫ਼ੀ ਦੇਣ ਨੂੰ ਗਲਤੀ ਮੰਨਿਆ ਗਿਆ ਸੀ। ਉਸ ਸਮੇਂ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਦੇ ਮਾਮਲੇ ਵਿਚ 90 ਲੱਖ ਰੁਪਏ ਦੇ ਇਸ਼ਤਿਹਾਰ ਜਾਰੀ ਕਰਨ ਦੀ ਗੱਲ ਵੀ ਆਖੀ ਗਈ ਸੀ। ਇਸ ਤੋਂ ਇਲਾਵਾ 2015 ਵਿਚ ਫਰੀਦਕੋਟ ਦੇ ਬਰਗਾੜੀ ਵਿਚ ਹੋਈ ਬੇਅਦਬੀ ਦੀ ਘਟਨਾ ਦੀ ਸਹੀ ਢੰਗ ਨਾਲ ਜਾਂਚ ਨਾ ਕਰਨ ਲਈ ਵੀ ਮੁਆਫੀ ਮੰਗੀ ਗਈ। ਆਈ. ਪੀ. ਐਸ. ਅਫਸਰ ਸੁਮੇਧ ਸੈਣੀ ਨੂੰ ਡੀ. ਜੀ. ਪੀ. ਬਣਾਉਣਾ ਅਤੇ ਮੁਹੰਮਦ ਇਜ਼ਹਾਰ ਆਲਮ ਦੀ ਪਤਨੀ ਨੂੰ ਟਿਕਟ ਦੇਣਾ ਵੀ ਗਲਤੀ ਮੰਨੀ ਗਈ।

ਪਾਰਟੀ ਖਿਲਾਫ਼ ਜਾਣ ਵਾਲਿਆਂ ਲਈ ਮੁੱਖ ਦਫ਼ਤਰ 'ਚ ਕੋਈ ਥਾਂ ਨਹੀਂ: ਅਕਾਲੀ ਦਲ

ਚੰਡੀਗੜ੍ਹ- ਸ਼੍ਰੋਮਣੀ ਅਕਾਲੀ ਦਲ ਨੇ ਅੱਜ ਕਿਹਾ ਕਿ ਜਿਹੜੇ ਆਗੂਆਂ ਨੇ ਪਾਰਟੀ ਦੇ ਖਿਲਾਫ ਪ੍ਰੋਗਰਾਮ ਸ਼ੁਰੂ ਕੀਤੇ ਹਨ, ਉਹਨਾਂ ਲਈ ਮੁੱਖ ਦਫਤਰ ਵਿਚ ਕੋਈ ਥਾਂ ਨਹੀਂ ਹੈ ਤੇ ਪਾਰਟੀ ਨੇ ਜ਼ੋਰ ਦੇ ਕੇ ਕਿਹਾ ਕਿ ਪਾਰਟੀ ਵਰਕਰ ਅਜਿਹੇ ਤੱਤਾਂ ਨੂੰ ਬਰਦਾਸ਼ਤ ਨਹੀਂ ਕਰਨਗੇ।

ਸੀਨੀਅਰ ਪਾਰਟੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਪਾਰਟੀ ਦੇ ਸੀਨੀਅਰ ਆਗੂਆਂ, ਜ਼ਿਲ੍ਹਾ ਪ੍ਰਧਾਨਾਂ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਪਾਰਟੀ ਮੁੱਖ ਦਫਤਰ ਵਿਚ ਲੜੀਵਾਰ ਮੀਟਿੰਗਾਂ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਇਹ ਪ੍ਰਗਟਾਵਾ ਕੀਤਾ।

ਡਾ. ਦਲਜੀਤ ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਪਾਰਟੀ ਦਾ ਮੁੱਖ ਦਫਤਰ ਹਰੇਕ ਵਾਸਤੇ ਹੈ। ਉਹਨਾਂ ਕਿਹਾ ਕਿ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਹਲਕਾ ਇੰਚਾਰਜਾਂ, ਜ਼ਿਲ੍ਹਾ ਪ੍ਰਧਾਨਾਂ ਅਤੇ ਇਸਤਰੀ ਅਕਾਲੀ ਦਲ, ਐਸ ਸੀ ਵਿੰਗ, ਓ ਬੀ ਸੀ ਵਿੰਗ ਤੇ ਯੂਥ ਅਕਾਲੀ ਦਲ ਸਮੇਤ ਵੱਖ-ਵੱਖ ਵਿੰਗਾਂ ਨਾਲ ਮੀਟਿੰਗਾਂ ਕੀਤੀਆਂ ਤੇ ਹਾਲ ਹੀ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਵੀ ਮੀਟਿੰਗ ਕੀਤੀ। ਉਹਨਾਂ ਕਿਹਾ ਕਿ ਜਿਹੜੇ ਆਗੂ ਆਪਣੇ ਆਪ ਨੂੰ ਅਕਾਲੀ ਦਲ ਦੇ ਆਗੂ ਕਹਾਉਂਦੇ ਹਨ, ਉਹਨਾਂ ਨੇ ਇਹਨਾਂ ਮੀਟਿੰਗਾਂ ਵਿਚ ਭਾਗ ਨਹੀਂ ਲਿਆ ਹਾਲਾਂਕਿ ਸਾਰਿਆਂ ਨੂੰ ਮੀਟਿੰਗ ਵਿਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ ਸੀ। ਉਹਨਾਂ ਕਿਹਾ ਕਿ ਹੁਣ ਇਹਨਾਂ ਆਗੂਆਂ ਨੇ ਆਪਣੀ ਪਾਰਟੀ ਖਿਲਾਫ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਤੇ ਦਾਅਵੇ ਕਰ ਰਹੇ ਹਨ ਕਿ ਉਹਨਾਂ ਪਾਰਟੀ ਦੇ ਮੁੱਖ ਦਫਤਰ ਵਿਚ ਮੀਟਿੰਗਾਂ ਕੀਤੀਆਂ ਹਨ। ਉਹਨਾਂ ਕਿਹਾਕਿ ਅਜਿਹੇ ਆਗੂਆਂ ਲਈ ਪਾਰਟੀ ਮੁੱਖ ਦਫਤਰ ਵਿਚ ਕੋਈ ਥਾਂ ਨਹੀਂ ਹੈ।ਅਕਾਲੀ ਆਗੂ ਨੇ ਸਪਸ਼ਟ ਕੀਤਾ ਕਿ ਪਾਰਟੀ ਦਾ ਇਕ ਸੰਵਿਧਾਨ ਹੈ ਅਤੇ ਚੁਣੇ ਹੋਏ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਹਨ। ਉਹਨਾਂ ਕਿਹਾ ਕਿ ਪ੍ਰਧਾਨ ਦੀ ਚੋਣ ਨਿਯਮਾਂ ਮੁਤਾਬਕ ਲੋਕਤੰਤਰੀ ਪ੍ਰਕਿਰਿਆ ਅਨੁਸਾਰ ਹੁੰਦੀ ਹੈ। ਉਹਨਾਂ ਕਿਹਾ ਕਿ ਪਾਰਟੀ ਦਫਤਰ ਵੀ ਪ੍ਰਧਾਨ ਵੱਲੋਂ ਦਿੱਤੇ ਜਾਂਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਚਲਾਇਆ ਜਾਂਦਾ ਹੈ।


WHITESTONE
Real Estate
Serving Community Since 2009
"Don't Wait
To Buy Real Estate
Buy Real Estate
And Wait "
Amaninder Singh Thind (Max)
Licensed Real Estate Salesperson/Notary Public
Phone: (516) 474 7573


THINKING OF BUYING /SELLING?
* Honesty
* Integrity
*Experience
* Knowledge
Sharanjit Singh Thind
Real Estate Broker
Ask us how to buy Bank Foreclosures,
Short Sale Properties,
Bank Auction Homes and to
Sell/Buy your Business.
WHITESTONE
Real Estate
Serving Community Since 2009
Phone : 646 875 8495 Email : whitestone1979@gmail.com
We specialize in Income Producing & Investment Properties.
(Whitestone Real Estate & Asset Management Corp.
DBA Nlight Real Estate is a licensed Real Estate Broker, New York State)

ਮੈਂ ਕਿਸਮਤ ਅਤੇ ਰੱਬ ਦੀ ਕ੍ਰਿਪਾ ਨਾਲ ਬੱਚ ਗਿਆ: ਡੋਨਾਲਡ ਟਰੰਪ

ਪੈਨਸਿਲਵੇਨੀਆ- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੈਨਸਿਲਵੇਨੀਆ ਵਿੱਚ ਇੱਕ ਚੋਣ ਰੈਲੀ ਵਿੱਚ ਉਸ ਉੱਤੇ ਹੋਏ ਘਾਤਕ ਹਮਲੇ ਤੋਂ ਬਾਅਦ ਕਿਹਾ ਹੈ ਕਿ ‘ਮੌਤ ਤੈਅ ਕਰ ਦਿੱਤੀ ਗਈ ਸੀ’ ਅਤੇ ਇਸ ਘਟਨਾ ਨੂੰ ‘ਅਜੀਬ ਤਜਰਬਾ’ ਦੱਸਿਆ। ਘਟਨਾ ਤੋਂ ਬਾਅਦ ਆਪਣੇ ਪਹਿਲੇ ਇੰਟਰਵਿਊ ਵਿੱਚ 78 ਸਾਲਾ ਸਾਬਕਾ ਰਾਸ਼ਟਰਪਤੀ ਨੇ ਅਮਰੀਕੀ ਮੀਡੀਆ ਨੂੰ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ‘ਕਿਸਮਤ ਜਾਂ ਰੱਬ ਦੀ ਕਿਰਪਾ’ ਨਾਲ ਬੱਚ ਗਏ ਹਨ। ਸੋਮਵਾਰ ਤੋਂ ਸ਼ੁਰੂ ਹੋ ਰਹੇ’ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ’ ਲਈ ਮਿਲਵਾਕੀ ਜਾਂਦੇ ਸਮੇਂ ‘ਨਿਊਯਾਰਕ ਪੋਸਟ’ ਨਾਲ ਗੱਲ ਕਰਦਿਆਂ ਸਾਬਕਾ ਅਮਰੀਕੀ ਰਾਸ਼ਟਰਪਤੀ ਨੇ ਕਿਹਾ, ‘ਮੇਰੇ ਬਾਰੇ ਇਹ ਮੰਨਿਆ ਜਾ ਰਿਹਾ ਸੀ ਕਿ ਮੈਂ ਇੱਥੇ ਨਹੀਂ ਰਹਾਂਗਾ, ਮੇਰੀ ਮੌਤ ਤੈਅ ਕਰ ਦਿੱਤੀ ਗਈ ਸੀ।’ ਕਾਨਫਰੰਸ ਵਿੱਚ ਉਨ੍ਹਾਂ ਨੂੰ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਪਾਰਟੀ ਵੱਲੋਂ ਉਮੀਦਵਾਰ ਵਜੋਂ ਨਾਮਜ਼ਦ ਕੀਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਸਭ ਤੋਂ ਅਦਭੁਤ ਗੱਲ ਇਹ ਸੀ ਕਿ ਮੈਂ ਨਾ ਸਿਰਫ ਆਪਣਾ ਸਿਰ ਘੁਮਾਇਆ, ਸਗੋਂ ਇਸ ਨੂੰ ਸਹੀ ਸਮੇਂ ਅਤੇ ਸਹੀ ਮਾਤਰਾ ਵਿੱਚ ਮੋੜਿਆ। ਉਸ ਨੇ ਇਹ ਵੀ ਕਿਹਾ ਕਿ ਜਿਸ ਗੋਲੀ ਨੇ ਉਸ ਦੇ ਕੰਨ ਨੂੰ ਚੀਰ ਦਿੱਤਾ, ਉਹ ਆਸਾਨੀ ਨਾਲ ਉਸ ਦੀ ਮੌਤ ਬਣ ਸਕਦੀ ਸੀ। ਟਰੰਪ ਨੇ ਕਿਹਾ, ‘ਮੇਰੀ ਮੌਤ ਤੈਅ ਸੀ, ਮੰਨਿਆ ਜਾ ਰਿਹਾ ਸੀ ਕਿ ਮੈਂ ਇੱਥੇ ਨਹੀਂ ਹੋਵਾਂਗਾ।’ ਉਸਨੇ ਪੂਰੀ ਘਟਨਾ ਨੂੰ ‘ਅਜੀਬ ਤਜਰਬਾ’ ਦੱਸਿਆ। ਜ਼ਿਕਰਯੋਗ ਹੈ ਕਿ ਹਮਲੇ ’ਚ ਇਕ ਦਰਸ਼ਕ ਦੀ ਮੌਤ ਹੋ ਗਈ, ਜਦਕਿ ਦੋ ਹੋਰ ਗੰਭੀਰ ਰੂਪ ’ਚ ਜ਼ਖਮੀ ਹੋ ਗਏ। ਉਨ੍ਹਾਂ ’ਤੇ ਹਮਲਾ ਕਰਨ ਵਾਲਾ 20 ਸਾਲਾ ਬੰਦੂਕਧਾਰੀ, ਜਿਸ ਦਾ ਨਾਂ ਥਾਮਸ ਮੈਥਿਊ ਕਰੂਕਸ ਮਾਰਿਆ ਗਿਆ। ’ਨਿਊਯਾਰਕ ਪੋਸਟ’ ਨਾਲ ਗੱਲਬਾਤ ਦੌਰਾਨ ਟਰੰਪ ਨੇ ਆਪਣੇ ਸੱਜੇ ਕੰਨ ’ਤੇ ਸਫ਼ੈਦ ਪੱਟੀ ਬੰਨ੍ਹੀ ਹੋਈ ਸੀ, ਪਰ ਉਨ੍ਹਾਂ ਦੇ ਸਹਿਯੋਗੀਆਂ ਨੇ ਕੋਈ ਫੋਟੋ ਨਹੀਂ ਖਿੱਚਣ ਦਿੱਤੀ। ਟਰੰਪ ਨੇ ਕਿਹਾ ਹਸਪਤਾਲ ਦੇ ਡਾਕਟਰ ਨੇ ਕਿਹਾ ਕਿ ਉਸ ਨੇ ਅਜਿਹਾ ਪਹਿਲਾਂ ਕਦੇ ਅਜਿਹਾ ਨਹੀਂ ਦੇਖਿਆ ਸੀ, ਉਸਨੇ ਇਸਨੂੰ ਇੱਕ ਚਮਤਕਾਰ ਦੱਸਿਆ । ਉਸ ਨੇ ਕਿਹਾ, ਕਿਸਮਤ ਨਾਲ ਜਾਂ ਰੱਬ ਦੀ ਕਿਰਪਾ ਨਾਲ ਬਹੁਤ ਸਾਰੇ ਲੋਕ ਕਹਿ ਰਹੇ ਹਨ ਕਿ ਰੱਬ ਦੀ ਕਿਰਪਾ ਨਾਲ ਮੈਂ ਅਜੇ ਵੀ ਇੱਥੇ ਜਿਊਂਦਾ ਹਾਂ। ਆਪਣੀ ਫੋਟੋ ਵੱਲ ਇਸ਼ਾਰਾ ਕਰਦੇ ਹੋਏ ਟਰੰਪ ਨੇ ਕਿਹਾ,’’ਲੜੋ। ਇਸ ਤਸਵੀਰ ’ਚ ਉਹ ਮੁੱਠੀ ਬੰਨ੍ਹੀ ਨਜ਼ਰ ਆ ਰਹੇ ਹਨ ਅਤੇ ਉਸ ਦੇ ਚਿਹਰੇ ’ਤੇ ਖ਼ੂਨ ਦੀਆਂ ਬੂੰਦਾਂ ਨਜ਼ਰ ਆ ਰਹੀਆਂ ਹਨ। ਟਰੰਪ ਨੇ ਕਿਹਾ,’’ਬਹੁਤ ਸਾਰੇ ਲੋਕ ਕਹਿ ਰਹੇ ਹਨ ਕਿ ਉਨ੍ਹਾਂ ਨੇ ਇੰਨੀ ਪ੍ਰਭਾਵਸ਼ਾਲੀ ਤਸਵੀਰ ਪਹਿਲਾਂ ਕਦੇ ਨਹੀਂ ਦੇਖੀ ਹੈ। ਉਸਨੇ ਕਿਹਾ, ਉਹ ਸਹੀ ਹਨ ਅਤੇ ਮੈਂ ਨਹੀਂ ਮਰਿਆ। ਟਰੰਪ ਨੇ ਅਖਬਾਰ ਨੂੰ ਦੱਸਿਆ ਕਿ ਉਹ ਗੋਲੀਬਾਰੀ ਤੋਂ ਬਾਅਦ ਬੋਲਣਾ ਜਾਰੀ ਰੱਖਣਾ ਚਾਹੁੰਦਾ ਸੀ ਪਰ ਸੀਕਰੇਟ ਸਰਵਿਸ ਨੇ ਉਸ ’ਤੇ ਹਸਪਤਾਲ ਜਾਣ ਲਈ ਦਬਾਅ ਪਾਇਆ।

ਆਸਟ੍ਰੇਲੀਆ ਨੇ ਹੁਨਰਮੰਦ ਪ੍ਰਵਾਸੀਆਂ ਲਈ ਵਰਕ ਪਰਮਿਟ ਦੇ ਮਾਪਦੰਡਾਂ ਨੂੰ ਸਰਲ ਬਣਾਇਆ

PASSPORT
VISA APPLICATION

ਕੈਨਬਰਾ- ਆਸਟ੍ਰੇਲੀਆ ਜਾਣ ਦੇ ਚਾਹਵਾਨਾਂ ਲਈ ਚੰਗੀ ਖ਼ਬਰ ਹੈ। ਆਸਟ੍ਰੇਲੀਆ ਨੇ ਅਸਥਾਈ ਵੀਜ਼ਿਆਂ ’ਤੇ ਕੰਮ ਕਰਨ ਵਾਲੇ ਹੁਨਰਮੰਦ ਪ੍ਰਵਾਸੀਆਂ ਲਈ ਵਰਕ ਪਰਮਿਟ ਦੇ ਮਾਪਦੰਡਾਂ ਨੂੰ ਸਰਲ ਬਣਾਇਆ ਹੈ। ਵਰਕ ਪਰਮਿਟ ਦੀਆਂ ਸ਼ਰਤਾਂ ਵਿੱਚ ਢਿੱਲ ਦੀ ਘੋਸ਼ਣਾ ਆਸਟ੍ਰੇਲੀਆਈ ਸਰਕਾਰ ਦੁਆਰਾ ਅਸਥਾਈ ਪ੍ਰਵਾਸੀਆਂ ਲਈ ਕੀਤੀ ਗਈ ਹੈ ਜਿਨ੍ਹਾਂ ਕੋਲ ਇਹ ਵੀਜ਼ਾ ਹਨ - ਅਸਥਾਈ ਕੰਮ (ਹੁਨਰਮੰਦ) ਵੀਜ਼ਾ (ਉਪ ਸ਼੍ਰੇਣੀ 457), ਅਸਥਾਈ ਹੁਨਰ ਦੀ ਘਾਟ ਵੀਜ਼ਾ (ਉਪ ਸ਼੍ਰੇਣੀ 482) ਅਤੇ ਹੁਨਰਮੰਦ ਰੁਜ਼ਗਾਰਦਾਤਾ ਸਪਾਂਸਰਡ ਖੇਤਰੀ (ਆਰਜ਼ੀ ਉਪ-ਸ਼੍ਰੇਣੀ 494)) ਵੀਜ਼ਾ। 1 ਜੁਲਾਈ, 2024 ਤੋਂ, ਆਸਟ੍ਰੇਲੀਆਈ ਸਰਕਾਰ ਦੀ ਮਾਈਗ੍ਰੇਸ਼ਨ ਰਣਨੀਤੀ ਦੇ ਜਵਾਬ ਵਿੱਚ ਵੀਜ਼ਾ ਸ਼ਰਤਾਂ 8107, 8607 ਅਤੇ 8608 ਵਿੱਚ ਸੋਧ ਕੀਤੀ ਗਈ ਹੈ। ਨਵੇਂ ਨਿਯਮ ਇਨ੍ਹਾਂ ਵੀਜ਼ਾ ਧਾਰਕਾਂ ਨੂੰ ਆਗਿਆ ਦਿੰਦੇ ਹਨ ਜੋ ਆਪਣੇ ਸਪਾਂਸਰ ਕਰਨ ਵਾਲੇ ਮਾਲਕ ਨਾਲ ਕੰਮ ਕਰਨਾ ਬੰਦ ਕਰ ਦਿੰਦੇ ਹਨ, ਤਾਂ ਜੋ ਉਨ੍ਹਾਂ ਨੂੰ ਇੱਕ ਨਵਾਂ ਸਪਾਂਸਰ ਲੱਭਣ, ਵੱਖਰੇ ਵੀਜ਼ੇ ਲਈ ਅਰਜ਼ੀ ਦੇਣ ਜਾਂ ਆਸਟ੍ਰੇਲੀਆ ਛੱਡਣ ਦਾ ਪ੍ਰਬੰਧ ਕਰਨ ਲਈ ਵਧੇਰੇ ਸਮਾਂ ਮਿਲ ਸਕੇ। ਵੀਜ਼ਾ ਗ੍ਰਾਂਟ ਦੀ ਪੂਰੀ ਮਿਆਦ ਦੌਰਾਨ, ਇਨ੍ਹਾਂ ਵੀਜ਼ਿਆਂ ਦੇ ਧਾਰਕਾਂ ਕੋਲ ਇੱਕ ਨਵੇਂ ਸਪਾਂਸਰ ਦਾ ਪਤਾ ਲਗਾਉਣ, ਵੀਜ਼ਾ ਦੀ ਤਬਦੀਲੀ ਦੀ ਕਿਸਮ ਲਈ ਅਰਜ਼ੀ ਜਮ੍ਹਾਂ ਕਰਾਉਣ ਜਾਂ ਆਸਟ੍ਰੇਲੀਆ ਛੱਡਣ ਦੀ ਯੋਜਨਾ ਬਣਾਉਣ ਲਈ 180 ਦਿਨ ਜਾਂ ਵੱਧ ਤੋਂ ਵੱਧ 365 ਦਿਨ ਹੋਣਗੇ। ਅਸਥਾਈ ਵਰਕ ਪਰਮਿਟਾਂ ਤੇ ਲੋਕਾਂ ਲਈ ਨਵੀਂ ਨੌਕਰੀ ਦੀ ਭਾਲ ਕਰਨਾ ਜਾਂ ਨੌਕਰੀਆਂ ਬਦਲਣਾ ਕਾਫ਼ੀ ਆਸਾਨ ਹੋ ਸਕਦਾ ਹੈ।

ਟਰੰਪ ਦੀ ਸੁਰੱਖਿਆ ’ਚ ਕਮੀ, ਸੀਕ੍ਰੇਟ ਸਰਵਿਸ ਦੀ ਡਾਇਰੈਕਟਰ ਕਿੰਬਰਲੀ ਚੀਟਲ ਤਲਬ

ਵਾਸ਼ਿੰਗਟਨ,- ਅਮਰੀਕੀ ਪ੍ਰਤੀਨਿਧੀ ਸਭਾ ਦੇ ਮੁੱਖ ਜਾਂਚ ਬੋਰਡ ਦੀ ਨਿਗਰਾਨ ਕਮੇਟੀ ਨੇ ਸਾਬਕਾ ਰਾਸ਼ਟਰਪਤੀਆਂ ਅਤੇ ਮੌਜੂਦਾ ਰਾਸ਼ਟਰਪਤੀ ਦੀ ਸੁਰੱਖਿਆ ਲਈ ਜ਼ਿੰਮੇਵਾਰ ਅਮਰੀਕੀ ਸੀਕ੍ਰੇਟ ਸਰਵਿਸ ਦੇ ਡਾਇਰੈਕਟਰ ਕਿੰਬਰਲੀ ਚੀਟਲ ਨੂੰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ’ਤੇ ਹੋਏ ਜਾਨਲੇਵਾ ਹਮਲੇ ਸਬੰਧੀ ਤਲਬ ਕੀਤਾ ਹੈ।ਏਜੰਸੀ ਮੁਤਾਬਕ ‘ਨਿਗਰਾਨ ਕਮੇਟੀ’ ਨੇ ਚੀਟਲ ਨੂੰ 22 ਜੁਲਾਈ ਨੂੰ ਹੋਣ ਵਾਲੀ ਸੁਣਵਾਈ ’ਚ ਗਵਾਹੀ ਦੇਣ ਲਈ ਬੁਲਾਇਆ ਹੈ। ਪੈਨਲ ਨੇ ਸੋਸ਼ਲ ਮੀਡੀਆ ’ਤੇ ਇਕ ਬਿਆਨ ’ਚ ਕਿਹਾ ਕਿ ਸਾਨੂੰ ਦੇਸ਼ ਦੇ ਸਾਬਕਾ ਰਾਸ਼ਟਰਪਤੀ ਦੀ ਹੱਤਿਆ ਦੀ ਕੋਸ਼ਿਸ਼ ਦੇ ਸਬੰਧ ’ਚ ਜਵਾਬ ਚਾਹੀਦਾ ਹੈ। ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਦੇ ਵਿਸ਼ੇਸ਼ ਏਜੰਟ ਕੇਵਿਨ ਰੋਜ਼ੇਕ ਨੇ ਇਸ ਤੋਂ ਪਹਿਲਾਂ ਇਕ ਨਿਊਜ਼ ਕਾਨਫਰੰਸ ਨੂੰ ਦੱਸਿਆ ਕਿ ਇਹ ਹੈਰਾਨੀਜਨਕ ਹੈ ਕਿ ਬੰਦੂਕਧਾਰੀ ਸੀਕ੍ਰੇਟ ਸਰਵਿਸ ਵੱਲੋਂ ਮਾਰੇ ਜਾਣ ਤੋਂ ਪਹਿਲਾਂ ਸਟੇਜ ’ਤੇ ਗੋਲੀਆਂ ਚਲਾ ਚੁੱਕਾ ਸੀ।

ਬੀ. ਸੀ. ਸੀ. ਆਈ. ਲਿਖ ਕੇ ਦੱਸੇ ਕਿ ਭਾਰਤ ਸਰਕਾਰ ਨਹੀਂ ਦੇ ਰਹੀ ਪਾਕਿਸਤਾਨ ’ਚ ਖੇਡਣ ਦੀ ਇਜਾਜ਼ਤ: ਪੀ.ਸੀ.ਬੀ.

VS
INDIA
PAKISTAN

ਕਰਾਚੀ, -: ਪਾਕਿਸਤਾਨ ਕ੍ਰਿਕਟ ਬੋਰਡ ਚਾਹੁੰਦਾ ਹੈ ਕਿ ਬੀ.ਸੀ.ਸੀ.ਆਈ. ਇਸ ਗੱਲ ਦਾ ਲਿਖਤੀ ਸਬੂਤ ਦੇਵੇ ਕਿ ਭਾਰਤ ਸਰਕਾਰ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਭਾਰਤੀ ਟੀਮ ਨੂੰ ਅਗਲੇ ਸਾਲ ਹੋਣ ਵਾਲੀ ਚੈਂਪੀਅਨਜ਼ ਟਰਾਫੀ ਲਈ ਪਾਕਿਸਤਾਨ ਜਾਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਪੀ.ਸੀ.ਬੀ. ਦੇ ਇਕ ਸੂਤਰ ਨੇ ਇਹ ਜਾਣਕਾਰੀ ਦਿੱਤੀ।ਮੇਜ਼ਬਾਨ ਬੋਰਡ ਚਾਹੁੰਦਾ ਹੈ ਕਿ ਇਹ ਮਾਮਲਾ ਜਲਦੀ ਹੱਲ ਹੋ ਜਾਵੇ ਕਿਉਂਕਿ ਟੂਰਨਾਮੈਂਟ ਅਗਲੇ ਸਾਲ ਫ਼ਰਵਰੀ-ਮਾਰਚ ਵਿਚ ਹੋਣਾ ਹੈ।ਕੋਲੰਬੋ ’ਚ 19 ਜੁਲਾਈ ਨੂੰ ਹੋਣ ਵਾਲੀ ਆਈ.ਸੀ.ਸੀ. ਦੀ ਸਾਲਾਨਾ ਕਾਨਫਰੰਸ ’ਚ ‘ਹਾਈਬ੍ਰਿਡ ਮਾਡਲ’ ਏਜੰਡੇ ’ਚ ਨਹੀਂ ਹੈ। ਇਸ ਦੇ ਤਹਿਤ ਭਾਰਤੀ ਟੀਮ ਅਪਣੇ ਮੈਚ ਯੂ.ਏ.ਈ. ’ਚ ਖੇਡੇਗੀ। ਪੀ.ਸੀ.ਬੀ. ਦੇ ਇਕ ਸੂਤਰ ਨੇ ਕਿਹਾ, “ਜੇਕਰ ਭਾਰਤ ਸਰਕਾਰ ਨੇ ਇਜਾਜ਼ਤ ਨਹੀਂ ਦਿੱਤੀ ਹੈ ਤਾਂ ਇਸ ਨੂੰ ਲਿਖਤੀ ਰੂਪ ਵਿਚ ਦੇਣਾ ਹੋਵੇਗਾ ਅਤੇ ਬੀ.ਸੀ.ਸੀ.ਆਈ. ਨੂੰ ਤੁਰੰਤ ਆਈ.ਸੀ.ਸੀ. ਨੂੰ ਚਿੱਠੀ ਜਾਰੀ ਕਰਨੀ ਚਾਹੀਦੀ ਹੈਉਨ੍ਹਾਂ ਕਿਹਾ, “ਅਸੀਂ ਲਗਾਤਾਰ ਕਹਿ ਰਹੇ ਹਾਂ ਕਿ ਬੀ.ਸੀ.ਸੀ.ਆਈ. ਆਈ.ਸੀ.ਸੀ. ਨੂੰ ਲਿਖਤੀ ਰੂਪ ’ਚ ਸੂਚਿਤ ਕਰੇ ਕਿ ਟੀਮ ਟੂਰਨਾਮੈਂਟ ਲਈ 5-6 ਮਹੀਨੇ ਪਹਿਲਾਂ ਪਾਕਿਸਤਾਨ ਜਾਵੇਗੀ।’’ਬੀ.ਸੀ.ਸੀ.ਆਈ. ਨੇ ਹਮੇਸ਼ਾ ਕਿਹਾ ਹੈ ਕਿ ਪਾਕਿਸਤਾਨ ’ਚ ਖੇਡਣਾ ਸਰਕਾਰ ਵਲੋਂ ਲਿਆ ਜਾਵੇਗਾ ਅਤੇ 2023 ਵਨਡੇ ਏਸ਼ੀਆ ਕੱਪ ’ਚ ਵੀ ਭਾਰਤ ਦੇ ਮੈਚ ਹਾਈਬ੍ਰਿਡ ਮਾਡਲ ’ਤੇ ਸ਼੍ਰੀਲੰਕਾ ’ਚ ਖੇਡੇ ਗਏ ਸਨ।

INDO US
EXPRESS, INC.

INDO US EXPRESS, INC.

Worldwide Couriers / Freight Forwarders
Domestic Rush Delivery / Import / Export
Custom Clearance / Trading Consultant

Gurinder Singh
CEO

SALES OFFICE
224 West 30th St., #604, New York, NY 10001
Mail: P.O. Box 7304, Hicksville, NY 11802

Office: 212.447.5720 Fax: 516.932.3750
Delhi: 98.1849.0552
Mumbai: 92.2453.1807
New York: 347.538.7041

Visit US Online: www.indousexpress.com
Email: indousexpress@gmail.com

ਭਾਜਪਾ ਦੀਆਂ .ਗਲਤ ਨੀਤੀਆਂ ਦਾ ਖਮਿਆਜ਼ਾ ਸਾਡੇ ਜਵਾਨ ਭੁਗਤ ਰਹੇ ਹਨ: ਰਾਹੁਲ ਗਾਂਧੀ

ਨਵੀਂ ਦਿੱਲੀ, 16 ਜੁਲਾਈ :ਜੰਮੂ-ਕਸ਼ਮੀਰ ਦੇ ਡੋਡਾ ਵਿੱਚ ਇੱਕ ਮੁਕਾਬਲੇ ਵਿੱਚ ਇੱਕ ਕੈਪਟਨ ਰੈਂਕ ਦੇ ਅਧਿਕਾਰੀ ਸਮੇਤ ਚਾਰ ਜਵਾਨਾਂ ਦੇ ਸ਼ਹੀਦ ਹੋਣ ਤੋਂ ਬਾਅਦ ਕਾਂਗਰਸ ਨੇ ਮੰਗਲਵਾਰ ਨੂੰ ਕੇਂਦਰ ਦੀ ਆਲੋਚਨਾ ਕੀਤੀ। ਰਾਹੁਲ ਗਾਂਧੀ ਨੇ ਕਿਹਾ ਕਿ ਸਰਕਾਰ ਨੂੰ ਸੁਰੱਖਿਆ ਵਿਚ ਵਾਰ-ਵਾਰ ਹੋਣ ਵਾਲੀਆਂ ਕਮੀਆਂ ਦੀ ਪੂਰੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਜਿਸ ਨੇ ਵੀ ਅਜਿਹਾ ਕੀਤਾ ਹੈ, ਉਨ੍ਹਾਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ।

ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਇਕ ਤੋਂ ਬਾਅਦ ਇਕ ਅਜਿਹੀਆਂ ਭਿਆਨਕ ਘਟਨਾਵਾਂ ਬਹੁਤ ਦੁਖਦ ਅਤੇ ਚਿੰਤਾਜਨਕ ਹਨ। ਰਾਹੁਲ ਗਾਂਧੀ ਨੇ ਲਿਖਿਆ ਕਿ ਇਹ ਲਗਾਤਾਰ ਅੱਤਵਾਦੀ ਹਮਲੇ ਜੰਮੂ-ਕਸ਼ਮੀਰ ਦੇ ਵਿਗੜਦੇ ਹਾਲਾਤ ਦਿਖਾ ਰਹੇ ਹਨ। ਸਾਡੇ ਫੌਜੀ ਅਤੇ ਉਨ੍ਹਾਂ ਦੇ ਪਰਿਵਾਰ ਭਾਜਪਾ ਦੀਆਂ ਗਲਤ ਨੀਤੀਆਂ ਦਾ ਖਮਿਆਜ਼ਾ ਭੁਗਤ ਰਹੇ ਹਨ।ਉਨ੍ਹਾਂ ਕਿਹਾ ਕਿ ਇਹ ਹਰ ਦੇਸ਼ ਭਗਤ ਭਾਰਤੀ ਦੀ ਮੰਗ ਹੈ ਕਿ ਸਰਕਾਰ ਸੁਰੱਖਿਆ ਵਿੱਚ ਵਾਰ-ਵਾਰ ਹੋ ਰਹੀਆਂ ਕਮੀਆਂ ਦੀ ਪੂਰੀ ਜ਼ਿੰਮੇਵਾਰੀ ਲੈਂਦਿਆਂ ਦੇਸ਼ ਅਤੇ ਸੈਨਿਕਾਂ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰੇ… ਇਸ ਦੁੱਖ ਦੀ ਘੜੀ ਵਿੱਚ ਪੂਰਾ ਦੇਸ਼ ਇੱਕਜੁਟ ਹੈ। ਦੱਸ ਦਈਏ ਕਿ ਕਠੂਆ ਜ਼ਿਲ੍ਹੇ ਦੇ ਦੂਰ-ਦੁਰਾਡੇ ਮਾਚੇੜੀ ਜੰਗਲੀ ਖੇਤਰ ’ਚ ਪਿਛਲੇ ਹਫਤੇ ਹੋਏ ਹਮਲੇ ਤੋਂ ਬਾਅਦ ਡੋਡਾ ’ਚ ਮੁਕਾਬਲਾ ਹੋਇਆ। ਇਕ ਹਫਤਾ ਪਹਿਲਾਂ ਅੱਤਵਾਦੀਆਂ ਨੇ ਫੌਜ ਦੇ ਇਕ ਗਸ਼ਤੀ ਦਲ ’ਤੇ ਹਮਲਾ ਕੀਤਾ ਸੀ ਅਤੇ 5 ਜਵਾਨ ਸ਼ਹੀਦ ਹੋ ਗਏ ਸਨ ਅਤੇ ਕਈ ਜ਼ਖਮੀ ਹੋ ਗਏ ਸਨ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵੀ ਕਿਹਾ ਕਿ ਉਹ ਇੱਕ ਅਧਿਕਾਰੀ ਸਮੇਤ ਚਾਰ ਬਹਾਦਰ ਸੈਨਿਕਾਂ ਦੀ ਸ਼ਹਾਦਤ ਤੋਂ ਬਹੁਤ ਦੁਖੀ ਹਨ। ਉਨ੍ਹਾਂ ਕਿਹਾ ਕਿ

ਨਿਮਾਣੇ ਸਿੱਖ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੇਸ਼ ਹੋਵਾਂਗਾ: ਸੁਖਬੀਰ ਸਿੰਘ ਬਾਦਲ

ਚੰਡੀਗੜ੍ਹ- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਹੇਠਲੇ ਪੰਜ ਸਿੰਘ ਸਾਹਿਬਾਨ ਵੱਲੋਂ ਤਲਬ ਕੀਤੇ ਜਾਣ ਤੋਂ ਬਾਅਦ ਅੱਜ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣਗੇ। ਉਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਇਸ ਸਬੰਧੀ ਪੰਜਾਬੀ ਵਿੱਚ ਇਕ ਪੋਸਟ ਸਾਂਝੀ ਕੀਤੀ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਨੇ ਕਿਹਾ ਕਿ ਇੱਕ ਨਿਮਾਣੇ ਸਿੱਖ ਹੋਣ ਦੇ ਨਾਤੇ ਉਹ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਪੇਸ਼ ਹੋਣਗੇ। ਜ਼ਿਕਰਯੋਗ ਹੈ ਕਿ ਅਕਾਲੀ ਦਲ ਦੇ ਸੀਨੀਅਰ ਆਗੂਆਂ ਵੱਲੋਂ ਸੁਖਬੀਰ ਬਾਦਲ ’ਤੇ ਪੰਥ ਨਾਲ ਖ਼ਿਲਵਾੜ ਕਰਨ ਦੇ ਦੋਸ਼ ਲਾਏ ਗਏ ਸਨ ਜਿਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਨੇ ਸੁਖਬੀਰ ਨੂੰ ਤਲਬ ਕੀਤਾ ਸੀ।

ਕੇਂਦਰ ਸਰਕਾਰ ਨੇ ਬਜਟ ਸੈਸ਼ਨ ਤੋਂ ਪਹਿਲਾਂ 21 ਜੁਲਾਈ ਨੂੰ ਸਰਬ ਪਾਰਟੀ ਮੀਟਿੰਗ ਸੱਦੀ

ਨਵੀਂ ਦਿੱਲੀ, -:ਕੇਂਦਰ ਸਰਕਾਰ ਨੇ ਸੰਸਦ ਦੇ ਅਗਲੇ ਮੌਨਸੂਨ ਸੈਸ਼ਨ ਤੋਂ ਪਹਿਲਾਂ 21 ਜੁਲਾਈ ਨੂੰ ਸਰਬ ਪਾਰਟੀ ਮੀਟਿੰਗ ਸੱਦੀ ਹੈ। ਇਹ ਜਾਣਕਾਰੀ ਸੂਤਰਾਂ ਨੇ ਏਜੰਸੀ ਨਾਲ ਸਾਂਝੀ ਕੀਤੀ ਹੈ। ਇਹ ਵਿਰੋਧੀ ਧਿਰ ਦੇ ਆਗੂ ਵਜੋਂ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਦੀ ਪਹਿਲੀ ਮੀਟਿੰਗ ਹੋਵੇਗੀ। ਤ੍ਰਿਣਮੂਲ ਕਾਂਗਰਸ ਦੇ ਸੂਤਰਾਂ ਨੇ ਕਿਹਾ ਕਿ ਪਾਰਟੀ ਦਾ ਕੋਈ ਵੀ ਨੁਮਾਇੰਦਾ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਵੇਗਾ ਕਿਉਂਕਿ ਪਾਰਟੀ ਵੱਲੋਂ 21 ਜੁਲਾਈ ਨੂੰ ਸ਼ਹੀਦੀ ਦਿਵਸ ਮਨਾਇਆ ਜਾਂਦਾ ਹੈ। 21 ਜੁਲਾਈ ਦਾ ਸ਼ਹੀਦੀ ਦਿਵਸ 13 ਕਾਂਗਰਸ ਸਮਰਥਕਾਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ ਜਿਨ੍ਹਾਂ ਨੂੰ 1993 ਵਿੱਚ ਕੋਲਕਾਤਾ ਪੁਲਿਸ ਵੱਲੋਂ ਰਾਜ ਸਕੱਤਰੇਤ ਰਾਇਟਰਜ਼ ਬਿਲਡਿੰਗਜ਼ ਵੱਲ ਮਾਰਚ ਦੌਰਾਨ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਉਸ ਵੇਲੇ ਸੀਪੀਆਈ (ਐਮ) ਦੀ ਅਗਵਾਈ ਵਾਲੇ ਖੱਬੇ ਮੋਰਚੇ ਦੀ ਸਰਕਾਰ ਸੀ। ਦੱਸਣਾ ਬਣਦਾ ਹੈ ਕਿ ਸੰਸਦ ਦਾ ਮੌਨਸੂਨ ਸੈਸ਼ਨ 22 ਜੁਲਾਈ ਨੂੰ ਸ਼ੁਰੂ ਹੋਵੇਗਾ ਅਤੇ 12 ਅਗਸਤ ਨੂੰ ਸਮਾਪਤ ਹੋਵੇਗਾ। ਕੇਂਦਰ ਵੱਲੋਂ ਬਜਟ 23 ਜੁਲਾਈ ਨੂੰ ਪੇਸ਼ ਕੀਤਾ ਜਾਵੇਗਾ।

Insurance
*Home
*Auto
*Business
*Liability
*Renters
RENTERS INSURAN

Are you paying too much for Auto, Home, Business, Workman Compensation, Contractors, General Liability, E&O ?

Call us today for complimentary Analysis of your policy.

Sharanjit Singh Thind
licensed Insurance Broker
(Service with Honesty & Smile, Since 2012)
Phone: 646 875 8495
Email: nlightinsurance18@gmail.com

ਜੇਡੀ ਵੈਨਸ ਨੂੰ ਟਰੰਪ ਨੇ ਬਣਾਇਆ ਉਪ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ



ਮਿਲਵਾਕੀ-ਅਮਰੀਕਾ ਵਿੱਚ ਇਸ ਸਾਲ 5 ਨਵੰਬਰ ਨੂੰ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਇੱਕ ਵਾਰ ਫਿਰ ਮੌਜੂਦਾ ਰਾਸ਼ਟਰਪਤੀ ਜੋ ਬਾਇਡਨ ਦੇ ਖਿਲਾਫ਼ ਚੋਣ ਮੈਦਾਨ ਵਿੱਚ ਉਤਰੇ ਹਨ। ਬਾਇਡੇਨ ਦੀ ਪਾਰਟੀ ਡੈਮੋਕਰੇਟਸ ਨੇ ਕਮਲਾ ਹੈਰਿਸ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਆਪਣਾ ਉਮੀਦਵਾਰ ਚੁਣਿਆ ਹੈ।ਇਸ ਦੇ ਨਾਲ ਹੀ ਰਿਪਬਲਿਕਨ ਪਾਰਟੀ ਨੇ ਵੀ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਟਰੰਪ ਨੇ ਸੋਸ਼ਲ ਮੀਡੀਆ 'ਤੇ ਰਿਪਬਲਿਕਨ ਪਾਰਟੀ ਦੇ ਓਹੀਓ ਸੈਨੇਟਰ ਜੇਡੀ ਵੈਨਸ ਨੂੰ ਉਪ ਰਾਸ਼ਟਰਪਤੀ ਉਮੀਦਵਾਰ ਐਲਾਨਿਆ ਹੈ। ਨਿਊਯਾਰਕ ਪੋਸਟ ਨੇ ਰਿਪੋਰਟ ਅਨੁਸਾਰ, ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਜੇਡੀ ਵੈਨਸ ਨੂੰ ਵਧਾਈ ਦਿੱਤੀ।ਕਮਲਾ ਹੈਰਿਸ ਨੇ ਵਾਇਸ ਮੇਲ ਰਾਹੀਂ ਜੇਡੀ ਨੂੰ ਵਧਾਈ ਦਿੱਤੀ। ਆਪਣੇ ਮੈਸੇਜ ਵਿੱਚ, ਹੈਰਿਸ ਨੇ ਕਿਹਾ ਕਿ ਉਹ ਵੈਨਸ ਨੂੰ ਸੀਬੀਐਸ ਨਿਊਜ਼ ਡਿਬੇਟ ਵਿੱਚ ਦੇਖਣ ਲਈ ਉਮੀਦ ਹੈ। ਤੁਹਾਨੂੰ ਦੱਸ ਦੇਈਏ ਕਿ ਮਿਲਵਾਕੀ ਵਿੱਚ ਆਪਣੇ ਸੰਮੇਲਨ ਦੌਰਾਨ, ਰਿਪਬਲਿਕਨ ਨੈਸ਼ਨਲ ਕਮੇਟੀ ਦੇ ਡੈਲੀਗੇਟਾਂ ਨੇ ਸਰਬਸੰਮਤੀ ਨਾਲ ਵੈਨਸ ਨੂੰ ਅਧਿਕਾਰਤ GOP ਉਪ ਰਾਸ਼ਟਰਪਤੀ ਉਮੀਦਵਾਰ ਵਜੋਂ ਨਾਮਜ਼ਦ ਕੀਤਾ। ਜੇਕਰ ਉਹ ਟਰੰਪ ਦੇ ਨਾਲ ਚੁਣੇ ਜਾਂਦੇ ਹਨ, ਤਾਂ ਵੈਨਸ ਅਮਰੀਕਾ ਦੇ ਇਤਿਹਾਸ ਵਿੱਚ ਦੂਜੇ ਸਭ ਤੋਂ ਘੱਟ ਉਮਰ ਦੇ ਉਪ ਰਾਸ਼ਟਰਪਤੀ ਬਣ ਜਾਣਗੇ।ਟਰੰਪ ਨੇ ਟਰੂਥ ਸੋਸ਼ਲ ਤੇ ਉਪ-ਰਾਸ਼ਟਰਪਤੀ ਨਾਮਜ਼ਦਗੀ ਦਾ ਐਲਾਨ ਕਰਦੇ ਹੋਏ ਲਿਖਿਆ, ਲੰਬੀ ਸੋਚ ਅਤੇ ਵਿਚਾਰ ਤੋਂ ਬਾਅਦ, ਅਤੇ ਕਈ ਹੋਰਾਂ ਦੀ ਸ਼ਾਨਦਾਰ ਪ੍ਰਤਿਭਾ ਨੂੰ ਦੇਖਦੇ ਹੋਏ, ਮੈਂ ਫੈਸਲਾ ਕੀਤਾ ਹੈ ਕਿ ਸੰਯੁਕਤ ਰਾਜ ਦੇ ਉਪ-ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਲਈ ਸਭ ਤੋਂ ਯੋਗ ਵਿਅਕਤੀ ਓਹੀਓ ਦੇ ਮਹਾਨ ਰਾਜ ਦੇ ਸੈਨੇਟਰ ਜੇਡੀ ਵੈਂਸ ਹਨ।

ਅਮਰੀਕਾ 'ਚ ਹਰਮੀਤ ਕੌਰ ਢਿੱਲੋਂ ਵੱਲੋਂ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ 'ਚ ਅਰਦਾਸ

ਵਾਸ਼ਿੰਗਟਨ- :ਸਿਵਲ ਰਾਈਟਸ ਅਟਾਰਨੀ ਅਤੇ ਰਿਪਬਲਿਕਨ ਪਾਰਟੀ ਦੀ ਆਗੂ ਹਰਮੀਤ ਢਿੱਲੋਂ ਨੇ ਅੱਜ ਮਿਲਵਾਕੀ ਵਿੱਚ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਦੀ ਮੌਜੂਦਗੀ ਵਿੱਚ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਵਿੱਚ 'ਅਰਦਾਸ' ਕੀਤੀ। ਉਨ੍ਹਾਂ ਸਿੱਖਾਂ ਦੀ ਧਾਰਮਿਕ ਰਸਮ ਅਦਾ ਕਰਦਿਆਂ ਕਿਹਾ ਕਿ ਇੱਕ ਸਿੱਖ ਪਰਵਾਸੀ ਪਰਿਵਾਰ ਦੀ ਮੈਂਬਰ ਹੋਣ ਦੇ ਨਾਤੇ ਉਸ ਨੂੰ ਸਤਿਕਾਰ ਦੀ ਨਿਸ਼ਾਨੀ ਵਜੋਂ ਅਰਦਾਸ ਕਰਨ ਸਮੇਂ ਸਿਰ ਢਕਣ ਦੀ ਪ੍ਰਥਾ ਦੀ ਪਾਲਣਾ ਕਰਨੀ ਚਾਹੀਦੀ ਹੈ। ਦੱਸਣਾ ਬਣਦਾ ਹੈ ਕਿ ਉਹ ਪਹਿਲਾਂ ਕੈਲੀਫੋਰਨੀਆ ਰਿਪਬਲਿਕਨ ਪਾਰਟੀ ਦੀ ਵਾਈਸ ਚੇਅਰ ਵਿਮੈਨ ਦੇ ਤੌਰ 'ਤੇ ਕੰਮ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਸ ਨੂੰ ਅਰਦਾਸ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ ਜੋ ਆਮ ਤੌਰ 'ਤੇ ਦੁਨੀਆਂ ਭਰ ਦੇ ਸਿੱਖ ਭਾਈਚਾਰੇ ਵੱਲੋਂ ਕਿਸੇ ਵੀ ਨਵੇਂ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕੀਤੀ ਜਾਂਦੀ ਹੈ। ਇਹ ਪ੍ਰਮਾਤਮਾ ਦਾ ਧੰਨਵਾਦ ਕਰਨ ਅਤੇ ਸਾਰਿਆਂ ਲਈ ਨਿਮਰਤਾ, ਸੱਚਾਈ ਅਤੇ ਨਿਆਂ ਵਰਗੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਵਿੱਚ ਮਦਦ ਕਰਨ ਦੀ ਮੰਗ ਕਰਨ ਲਈ ਕੀਤੀ ਜਾਂਦੀ ਹੈ।

ਹਿੰਦ ਮਹਾਂਸਾਗਰ 'ਚ ਭਾਰਤ ਤੇ ਅਮਰੀਕਾ ਦੀਆਂ ਸਮੁੰਦਰੀ ਫ਼ੌਜਾਂ ਨੇ ਕੀਤਾ ਅਭਿਆਸ

ਨਵੀਂ ਦਿੱਲੀ, -ਭਾਰਤੀ ਸਮੁੰਦਰੀ ਫੌਜ ਦੇ ਜੰਗੀ ਬੇੜਿਆਂ ਨੇ ਹਿੰਦ ਮਹਾਂਸਾਗਰ 'ਚ ਚੀਨ ਦੀ ਚੁਣੌਤੀ ਨਾਲ ਨਜਿੱਠਣ ਲਈ ਅਮਰੀਕੀ ਜੰਗੀ ਬੇੜੇ ਥੀਓਡੋਰ ਰੂਜ਼ਵੈਲਟ ਨਾਲ ਅਭਿਆਸ ਕਰ ਕੇ ਸਮੁੰਦਰੀ ਖੇਤਰ 'ਚ ਦੋਵਾਂ ਦੇਸ਼ਾਂ ਦਰਮਿਆਨ ਵਧ ਰਹੇ ਰਣਨੀਤਕ ਤਾਲਮੇਲ ਦਾ ਪ੍ਰਦਰਸ਼ਨ ਕੀਤਾ। ਯੂ.ਐੱਸ.ਐੱਸ. ਥੀਓਡੋਰ ਰੂਜ਼ਵੈਲਟ ਯੂ.ਐੱਸ.ਨੇਵੀ ਦਾ ਇਕ ਪ੍ਰਮਾਣੂ-ਸੰਚਾਲਿਤ ਏਅਰਕ੍ਰਾਫਟ ਕੈਰੀਅਰ ਹੈ। ਅਮਰੀਕੀ ਦੂਤ ਘਰ ਦੇ ਇਕ ਬਿਆਨ ਮੁਤਾਬਕ ਥੀਓਡੋਰ ਰੂਜ਼ਵੈਲਟ ਏਅਰਕ੍ਰਾਫਟ ਕੈਰੀਅਰ ਸਟ੍ਰਾਈਕ ਗਰੁੱਪ ਨੇ 12 ਜੁਲਾਈ ਨੂੰ ਹਿੰਦ ਮਹਾਂਸਾਗਰ 'ਚ ਭਾਰਤੀ ਸਮੁੰਦਰੀ ਫੌਜ ਦੇ ਜੰਗੀ ਬੇੜਿਆਂ ਨਾਲ ਅਭਿਆਸ ਕੀਤਾ। ਏਅਰਕ੍ਰਾਫਟ ਕੈਰੀਅਰ ਸਟ੍ਰਾਈਕ ਗਰੁੱਪ ਇਕ ਨੇਵੀ ਫਲੀਟ ਹੈ ਜਿਸ 'ਚ ਇਕ ਏਅਰਕ੍ਰਾਫਟ ਕੈਰੀਅਰ ਦੇ ਨਾਲ-ਨਾਲ ਕਈ ਫ੍ਰੀਗੇਟਸ ਤੇ ਹੋਰ ਜਹਾਜ਼ ਸ਼ਾਮਲ ਹੁੰਦੇ ਹਨ। ਇਹ ਅਭਿਆਸ ਹਿੰਦ-ਪ੍ਰਸ਼ਾਂਤ ਖੇਤਰ 'ਚ ਫੌਜੀ ਦਬਦਬਾ ਕਾਇਮ ਕਰਨ ਦੀਆਂ ਚੀਨ ਦੀਆਂ ਕੋਸ਼ਿਸ਼ਾਂ ਨੂੰ ਲੈ ਕੇ ਲੋਕਰਾਜੀ ਦੇਸ਼ਾਂ 'ਚ ਵਧ ਰਹੀ ਚਿੰਤਾ ਦਰਮਿਆਨ ਹੋਇਆ ਹੈ। ਭਾਰਤੀ ਸਮੁੰਦਰੀ ਫੌਜ ਵਲੋਂ ਤਾਇਨਾਤ ਕੀਤੇ ਗਏ ਜਹਾਜ਼ਾਂ 'ਚ ਮਿਜ਼ਾਈਲ ਤੋੜੂ ਆਈ.ਐੱਨ.ਐੱਸ. ਵਿਸ਼ਾਖਾਪਟਨਮ ਤੇ ਸਹਾਇਤਾ ਸਮੱਗਰੀ ਮੁਹੱਈਆ ਕਰਨ ਵਾਲਾ ਜਹਾਜ਼ ਆਈ.ਐੱਨ.ਐੱਸ. ਆਦਿਤਿਆ ਵੀ ਸ਼ਾਮਲ ਹਨ।


WORKING CAPITAL R US

EIDL/PPP
Money Gone?

Talk to us for
Funding Options
for your Business

SOLUTIONS

SBA FINANCING
ASSET BASED LOANS
EQUIPMENT FINANCING
ACCOUNTS RECEIVABLES
BUSINESS LINES OF CREDIT

We look forward to your valued inquiry
for our Business Solutions.

Call (646) 897 3016

info@workingcapitalrus.com
www. workingcapitalrus.com



When you want to read News that matters
The South Asian Insider Weekly

Uncompromised and Unbiased
*21 Glorious Years *Always a Step Ahead
*Journalism of Courage
*Fearless Voice of the Community
www.thesouthasianinsider.com

CANNABIS PRODUCT RECALL

New York State's Office of Cannabis Management is issuing a recall on all cannabinoid hemp products, including the "Sky High" brand, produced by Eat Sky High LLC. The unregulated products were sold through licensed cannabis and cannabinoid hemp dispensaries throughout New York State.

The affected products were produced by an unlicensed cannabinoid hemp processor and have multiple safety violations posing a risk to public health and safety.

This recall is a precautionary measure because the required testing for consumer safety and product quality cannot be confirmed. The Office of Cannabis Management has not received any reports of adverse effects caused by the consumption of these products.

Investigation into this matter is ongoing.

Violations pertaining to these products include, but are not limited to:

Processing by an unlicensed facility;

Amount of THC-A present in the product;

Unverified testing of product to OCM standards;

Labeling violations, including but not limited to: missing warnings, processor information, and lot numbers;

Production with hazardous food products, as defined in 10 NYCRR ß 14-1.31; and

Misleading labeling, making the product appear to be an authorized adult-use product with NYS Universal Symbol imagery

These products include, but are not limited to the following:

Dessert Toppings:

Carmel Drizzle 500mg THC-A

White Chocolate 500mg THC-A

Strawberry Drizzle 500mg THC-A

Chocolate Drizzle 500mg THC-A

Dipping Sauces:

∑ Honey Mustard 500mg THC-A

Honey Garlic 500mg THC-A

Ranch Dressing 500mg THC-A

Sweet Ní Sour 500mg THC-A

Chipotle Mayo 500mg THC-A

Condiments:

Ketchup 500mg THC-A

BBQ Sauce 500mg THC-A

Hot Sauce 500mg THC-A

Mayo Ketchup 500mg THC-A

Sweet Chili 500mg THC-A

Ice Cream/Gelato/Sorbet:

Grape 200mg/500mg THC-A

Guava 200mg/500mg THC-A

Mango 200mg/500mg THC-A

Coconut 200mg/500mg THC-A

Snickers 200mg/500mg THC-A

Chocolate 200mg/500mg THC-A

Green Apple 200mg/500mg THC-A

Watermelon 200mg/500mg THC-A

Passion Fruit 200mg/500mg THC-A

Fruity Pebbles 200mg/500mg THC-A

Cookie Monster 200mg/500mg THC-A

Dispensaries and distributors must cease distribution and sales of the affected products immediately.

If you are a consumer who purchased any products produced by Eat Sky High LLC and you wish to return the recalled product, please contact the retail dispensary

where you purchased these products. You can return a recalled product even if you have opened it.

The Office of Cannabis Management would like to remind consumers to report any incidents related to the use of this cannabis product or any other cannabis product by completing an incident form https://cannabis.ny.gov/report-an-incident. Seek immediate medical attention or advice if you are currently experiencing a serious or troublesome cannabis-related symptom(s). Call your health care provider or the Poison Center at (800) 222-1222.

ALLEGED VANDAL CHARGED WITH FELONY HATE CRIME AFTER TARGETED ATTACK ON RELIGIOUS STATUE IN FRONT OF CATHOLIC CHURCH

Attack Resulted in Thousands of Dollars of Damage, Decapitation of a Child Jesus Statue Defendant Faces Up to Five to 15 Years In Prison If Convicted Of The Top Count

Queens District Attorney Melinda Katz announced that Jamshaid Choudhry has been charged with criminal mischief as a hate crime and other related crimes for allegedly smashing a Holy Family statue outside of the Holy Family Roman Catholic Church in Fresh Meadows on June 30. The attack caused the head of one of the statues, the depiction of a child Jesus, to break off.

District Attorney Katz said: ìWe will not tolerate unprovoked attacks, especially those driven by hate. Queens stands as a beacon of diversity and inclusivity, where freedom of religion and expression are celebrated as fundamental pillars of our democracy. Thanks to my Hate Crimes Bureau and the NYPDís Hate Crime Task Force, this individual has been apprehended.î

Choudhry, 44, of 186th Street in Hollis, was arraigned today in Queens Criminal Court and charged with criminal mischief in the second degree as a hate crime, criminal mischief in the third degree as a hate crime, criminal mischief in the fourth degree as a hate crime, criminal mischief in the second degree, criminal mischief in the third degree, criminal mischief in the fourth degree and aggravated harassment in the first degree.

If convicted of the top count, Choudhry faces a potential maximum sentence of five to 15 years in prison. Judge Srividya Pappachan ordered him to return to court on August 1.

According to the charges:

On June 30, at approximately 5:30 a.m., Choudhry was seen on video surveillance parking a yellow cab across the street from the church and running up to the statue depicting Jesus, Mary, and Joseph.

Once next to the statue, Choudhry can be seen taking off his shoe and then spitting on and hitting the statue repeatedly with the shoe.

The attack caused the head of the Jesus statue to break off completely.

The amount of damage caused by the attack is estimated at $3,000.

Choudhry was arrested yesterday evening.

The investigation was conducted by Detective Brian Lukowsky of the NYPD Hate Crimes Task Force.Assistant District Attorney Michael Brovner, Chief of the District Attorneyís Hate Crimes Bureau, is prosecuting the case under the overall supervision of Executive Assistant District Attorney for the Major Crimes Shawn Clark.

JAMAICA RESIDENT SENTENCED TO 36 YEARS IN PRISON FOR FATAL SHOOTING IN JANUARY 2020 AND SECOND HOMICIDE IN APRIL 2021

Queens District Attorney Melinda Katz announced that Ashik Zaman was sentenced today to 36 years in prison for killing a 39-year-old man in 2020 in a dispute over money and for fatally shooting another man in 2021 outside a liquor store in South Ozone Park. That victim died the next day, his 29th birthday.

District Attorney Katz said: ìTwo acts of senseless gun violence by this defendant cost two men their lives and left their families shattered. In our relentless effort to take illegal guns off our streets, we build strong cases against those who are accused of using these weapons. Today that resulted in a dangerous man being sent to prison.î

Zaman, 23, of 156th Street in Jamaica, pleaded guilty on June 20 to two counts of manslaughter in the first degree and one count of criminal possession of a weapon in the second degree. He was sentenced today by Supreme Court Justice Ushir Pandit-Durant to 36 years in prison.

According to the charges:

On January 21, 2020, at approximately 11:40 a.m, Zaman met with Kevin Williams in front of the 39-year-old manís 118th Avenue home in Jamaica. Zaman confronted Williams about money and the two argued. Zaman pulled out a gun and fired multiple times at the victim, striking him in the chest, abdomen, arm and head. He died less than an hour later.

On April 28, 2021, at approximately 11:40 p.m., Zaman was with a group of others shooting a music video on 134th Street in South Ozone Park. This group encountered another group of people near a liquor store and they began to argue. Video surveillance shows both groups parting ways without incident.

A short time later, Zaman stood by a car outside the liquor store while Kajawan Howard, who was talking on his cell phone, began to walk in the defendantís direction. Zaman removed a gun from his waistband and shot at Howard multiple times. Immediately following the shooting, Zaman jumped into the passenger seat of a black Infiniti and as the car sped off there was an exchange of gunfire between Zaman and a member of the opposing group. A 26-year-old man was struck and required surgery to remove his spleen and repair his colon.

Howard, who was hit once in the chest, was taken to an area hospital where he died from the bullet wound the following day ñ on his 29th birthday.

Zaman was arrested on May 20, 2021, after NYPD officers saw him riding a defaced Citi Bike on the sidewalk near Sutphin Boulevard between 109th Avenue and 109th Road in South Jamaica. They asked him to stop and he fled. When the officers caught him, they checked his name and saw that he was a suspect in the two homicides.

On June 17, 2021, NYPD officers executed a search warrant on a residence where Zaman had resided with his family and recovered a loaded .40-caliber Ruger pistol from a garage. DNA testing connected the firearm to Zaman.

Assistant District Attorney Jonathan Selkowe, Vehicular Homicide Unit Chief in the District Attorney's Homicide Bureau, prosecuted the case with the assistance of Assistant District Attorney Emily Santoro under the supervision of Assistant District Attorneys John W. Kosinski, Bureau Chief, and Karen Ross, Deputy Bureau Chief, and under the overall supervision of Executive Assistant District Attorney for Major Crimes Shawn Clark.

Free festival featuring Bollywood singer Kavita Krishnamurti (singer of "Bole Chudiyan") and other stars coming to Mississauga

#BollywoodMonster Mashup offers Bollywood x psychedelic 60s-inspired music, dance performances and more on July 26 & 27



Mississauga, ON: #BollywoodMonster Mashup, the heart of Bollywood music & dance and food in Canada, is returning to Mississauga Celebration Square with two free #BollywoodMonster Concerts presented by TD Bank Group, a laser show, mouthwatering food and family activities. On Friday, July 26, Bollywood singer and voice of Kajol in ìBole Chudiyan'' from the film Kabhi Khushi Kabhie Gham, Kavita Krishnamurti, brought to you by Tourism Mississauga, will take the stage. Performing alongside Krishnamurti is Indiaís Carnatic violin maestro Dr. L Subramaniam, brought to you by Tourism Mississauga, known for collaborations with Stevie Wonder and George Harrison. On Saturday, July 27th, Bollywood singer and voice of Sushant Singh Rajput in ìMakhnaî from the film Drive, Yasser Desai, will close off the event. The festival is Krishnamurtiís only Canadian tour stop this year.

ìThis yearís festival gives audiences the once-in-a-lifetime opportunity to experience a live performance by the voice behind hits like ëDil Ko Karaar Aayaí and ëJogi,í Yasser Desai, along with something weíve never done before - a set of Bollywood x 60ís psychedelic-inspired music mashups by the #BollywoodMonster Orchestra, brought to you by OLG.î says festival Executive Director Vikas Kohli. ìIím excited to see the audience dance to Bollywood and fusion music while enjoying a delicious variety of foods from 40+ vendors served hot and fresh. Phir bhi dil hai Bollywoodstaniî (translation: ìMy heart is still Bollywoodî).

The festivalís signature annual original music and dance production is brought to life on Saturday, July 27 by Kohli, Associate Artistic Director Ev Harris and teen music prodigy Antonia Cambre. The #BollywoodMonster Orchestra, brought to you by OLG, is set to perform nearly a dozen Bollywood hits, such as ìZara Sa Jhoom Loon Mainî from the film HarÈ Rama HarÈ Krishna remixed with Lady Gagaís ìJust Danceî, and ìThodi Si Jo Pee Lee Haiî from the film Namak Halaal, remixed with Canadian music icon Michael Bubleís ìSway.î Montreal-based dance troupe Veils of Bollywood will perform original choreographed fusion pieces alongside the mashups.

ìTD is committed to helping create opportunities for people to connect. That's why, through the TD Ready Commitment, our corporate citizenship platform, we're supporting equity-focused cultural events like #BollywoodMonster Mashup that help provide a platform to highlight the unique and diverse talent that make up our local communitiesî said Robyn Small, Senior Manager, Philanthropy, Sustainability & Corporate Citizenship, TD Bank Group.

The two-day #BollywoodMonster Concert series presented by TD showcases performances infused with Sufi, Tollywood, Kollywood and rock, along with popular Bollywood folk and traditional dances. On Friday, July 26, Toronto All Starz Tassa Band is set to showcase their lively Tassa Drumming while joining Mandeep Gandhi, renowned dhol player, in leading a parade with Bolly, the #BollywoodMonster mascot, around Mississauga Celebration Square. On the #BollywoodMonster Main Stage, DDA CANADA presents an energetic dance experience to a fusion of Bollywood and South Indian music, and Shadow Entertainment, known for being Canadaís Got Talent finalists in 2022, merges Bollywood, Bharatnatyam, Kuthu and Afro into a vibrant fusion dance.

On the #BollywoodMonster Main Stage on Saturday, July 27, Dance Blasters by DDA CANADA brings their young and vibrant kids' dance team for an amazing and energetic performance, while Nritya Palette, renowned for their vibrant performances, will present Gujarati folk dance in a mashup of authentic folk and Bollywood Gujarati songs. Melissa Marie Dance captivates audiences with popular Bollywood songs to empower young women through dance and movement, leading into Team NRITYA, comprised of former and present international students, presenting a fusion of Garba, Indian classical and contemporary dance styles inspired by newly-released Indian drama Heeramandi. Veils of Bollywood gears up for vibrant dance performances blending Bollywood, wacky costumes and psychedelic sound effects, and Mumbai Troupers celebrates the essence of Bollywoodís origins while embracing its evolution into a global phenomenon with a mesmerizing dance mashup. BRDRLESS Dance Studio, driven by a passion for blending cultures and breaking boundaries, brings a South Asian mashup of Bollywood with Jazz, Bhangra, and Kuthu dance set on a Barbie-inspired stage. Two dance teams comprised of seniors from the organizationís #MonsterArts for Seniors program also take the stage: the #MonsterArts Sona Dance Seniors will perform to ìShubhaarambhî from the film Kai Po Che!, choreographed by Rutvi Thakkar. The #MonsterArts Sona Dance Seniors by Rexdale Community Health Centre will perform to Krishnamurtiís ìChand Aaya Haiî from the film Dil Hi Dil Mein, choreographed by Tripti Ninan. Canada Dhol Tasha delivers a high-energy performance, showcasing traditional Dhol Tasha arts, and Raavi the Band, a vibrant group passionate about pushing musical boundaries, delivers a fusion of timeless Bollywood classics and fresh rock hits.

Audiences will also be able to get behind-the-scenes looks at the festival during the #BollywoodMonster Sneak Peek, which will be broadcasted on the festivalís @BollywoodMonsterMashup Instagram page throughout the day on July 26/27 and emceed by host and media personality Amin Dhillon. On July 26, the #BollywoodMonster Main Stage will be emceed by former "Saath Nibhaana Saathiya" actress Uppekha and Canadaís Got Talent comedian Ashwyn Singh. July 27ís #BollywoodMonster Main Stage will be hosted by OMNI TV anchor/host Loveen Gill and CP24 reporter/anchor Leena Latafat in the afternoon, and ìFarming For Loveî season oneís star Manny Brar and Ashwyn Singh in the evening. Fans of all ages can enjoy the performances, as the LiUNA Local 183 #BollywoodMonster Seniors Lounge offers accessible seating and more. Ontario Lottery and Gaming (OLG) will be on-site at the festival with their Team Canada-themed booth in celebration of the Olympics, offering attendees a fun photo opportunity and giveaways. #BollywoodMonster Mashup is a winner of Festival and Events Ontarioís Top 100 Festivals 2023.

Festival Schedule:

Fri Jul 26 @ 4 pm EST - Catch Kavita Krishnamurti, brought to you by Tourism Mississauga (singer of ìBole Chudiyanî), and Indiaís Carnatic violin maestro Dr. L Subramaniam, brought to you by Tourism Mississauga, performing live. Snack on papri chaat, watch dazzling Garba routines and more at the FREE #BollywoodMonster Concerts presented by TD at Mississauga Celebration Square.

Sat Jul 27 @ 2 pm EST - Watch Yasser Desai, singer of ìMakhna" from the film Drive, perform live. Dance to Bollywood x 60ís psychedelic fusion while watching a laser show and more at the FREE #BollywoodMonster Concerts presented by TD at Mississauga Celebration Square.

ਬੱਚਿਆਂ ਨੂੰ ਦਿਓ ਘਰ ਵਿਚ ਚੰਗਾ ਵਾਤਾਵਰਨ

ਬੱਚਿਆਂ ਦੀਆਂ ਭਾਵਨਾਵਾਂ ਕੁਚਲੀਆਂ ਜਾਂਦੀਆਂ ਹਨ ਅਤੇ ਉਹ ਆਪਣੀ ਯੋਗਤਾ ਦਾ ਸਹੀ ਉਪਯੋਗ ਨਹੀਂ ਕਰ ਪਾਉਂਦੇ। ਕਿਸੇ ਵਿਦਵਾਨ ਦੇ ਕਥਨ ਹਨ ਕਿ ਪਤੀ-ਪਤਨੀ ਨੇ ਲੜਨਾ-ਝਗੜਨਾ ਹੈ ਤਾਂ ਬੱਚਿਆਂ ਦੇ ਸੌਣ ਤੱਕ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ।

ਬੱਚੇ ਦੇਸ਼ ਅਤੇ ਸਮਾਜ ਦੀ ਅਸਲੀ ਦੌਲਤ ਹਨ। ਉਹ ਰਾਸ਼ਟਰ ਦੇ ਭਵਿੱਖ ਦੇ ਵਾਰਿਸ ਹਨ। ਕੋਈ ਵੀ ਮਾਪੇ ਜੀਵਨ ਵਿਚ ਜਿੰਨਾ ਮਰਜ਼ੀ ਧਨ, ਸ਼ੋਹਰਤ, ਰੁਤਬਾ ਹਾਸਲ ਕਰ ਲੈਣ ਪਰ ਜੇਕਰ ਉਨ੍ਹਾਂ ਦੇ ਬੱਚੇ ਕੁਰਾਹੇ ਪੈ ਗਏ ਤਾਂ ਉਹ ਆਪਣੇ-ਆਪ ਨੂੰ ਹਾਰੇ ਹੋਏ ਹੀ ਸਮਝਣਗੇ। ਬੱਚੇ ਦੇ ਵਿਕਾਸ ਅਤੇ ਪਾਲਣ-ਪੋਸ਼ਣ ਵਿਚ ਸਭ ਤੋਂ ਵੱਡਾ ਯੋਗਦਾਨ ਮਾਪਿਆਂ ਦਾ ਹੈ। ਬੱਚਾ ਜਿਹੋ ਜਿਹੇ ਵਾਤਾਵਰਨ 'ਚ ਪਲ ਰਿਹਾ ਹੈ, ਉਹ ਉਸੇ ਤਰ੍ਹਾਂ ਦੇ ਗੁਣ-ਔਗੁਣ ਗ੍ਰਹਿਣ ਕਰੇਗਾ। ਕੋਈ ਸਮਾਂ ਸੀ ਜਦ ਸਾਂਝੇ ਪਰਿਵਾਰ ਹੁੰਦੇ ਸਨ ਤੇ ਬੱਚਾ ਵੱਖ-ਵੱਖ ਮੈਂਬਰਾਂ ਤੋਂ ਪਲਦਾ-ਪਲਦਾ ਬਹੁਤ ਕੁਝ ਸਿੱਖ ਜਾਂਦਾ ਸੀ। ਇਕ ਤਰ੍ਹਾਂ ਸਾਂਝੇ ਪਰਿਵਾਰ ਉਸ ਲਈ ਮੁੱਢਲੇ ਸਕੂਲ ਹੁੰਦੇ ਸਨ, ਜਿੱਥੇ ਬੱਚਿਆਂ ਦਾ ਚਰਿੱਤਰ ਨਿਰਮਾਣ ਹੁੰਦਾ ਸੀ। ਮਹਿੰਗਾਈ ਅਤੇ ਤੰਗੀਆਂ-ਤੁਰਸ਼ੀਆਂ ਨੇ ਸੰਯੁਕਤ ਪਰਿਵਾਰ ਦੀ ਥਾਂ 'ਤੇ ਇਕਹਿਰੇ ਪਰਿਵਾਰ ਨੂੰ ਸਥਾਪਿਤ ਕੀਤਾ ਹੈ। ਦਿਨੋ-ਦਿਨ ਸੁੰਗੜ ਰਹੇ ਜੀਵਨ ਅਤੇ ਅਰਥਚਾਰੇ ਨੇ ਵੀ ਪਰਿਵਾਰਕ ਰਿਸ਼ਤਿਆਂ ਨੂੰ ਸੱਟ ਮਾਰੀ ਹੈ। ਅੱਜ ਮਹਿੰਗਾਈ ਦੇ ਯੁੱਗ ਵਿਚ ਜੀਵਿਕਾ ਲਈ ਪਤੀ-ਪਤਨੀ ਦੋਵਾਂ ਨੂੰ ਹੀ ਨੌਕਰੀ ਕਰਨੀ ਪੈਂਦੀ ਹੈ। ਇਸ ਕਰਕੇ ਬੱਚਿਆਂ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ।

ਮਾਪਿਆਂ ਦਾ ਨਿੱਘਾ ਪਿਆਰ, ਦੁਲਾਰ ਨਾ ਮਿਲਣ ਕਾਰਨ ਬੱਚੇ ਦੀ ਸ਼ਖ਼ਸੀਅਤ ਦਾ ਵਿਕਾਸ ਅਸਾਵਾਂ ਰਹਿ ਜਾਂਦਾ ਹੈ ਤੇ ਉਹ ਉਲਾਰ ਹੋ ਕੇ ਬਗਾਵਤ ਕਰ ਦਿੰਦੇ ਹਨ ਜਾਂ ਡਰੂ ਹੋ ਕੇ ਆਸ਼ਰਿਤਪੁਣੇ ਦਾ ਸ਼ਿਕਾਰ ਹੋ ਜਾਂਦੇ ਹਨ। ਭੌਤਿਕ ਸੁੱਖਾਂ ਲਈ ਮਾਪਿਆਂ ਵਲੋਂ ਦੌੜੀ ਜਾ ਰਹੀ ਦੌੜ 'ਚ ਬੱਚਿਆਂ ਦਾ ਬਚਪਨ ਗੁਆਚਦਾ ਜਾ ਰਿਹਾ ਹੈ। ਮਾਪੇ ਸੋਚਦੇ ਹਨ ਕਿ ਉਹ ਆਪਣੇ ਬੱਚਿਆਂ ਨੂੰ ਪੜ੍ਹਾ-ਲਿਖਾ ਰਹੇ ਹਨ। ਉਨ੍ਹਾਂ ਨੂੰ ਹਰ ਲੋੜੀਂਦੀ ਸਹੂਲਤ ਦੇ ਰਹੇ ਹਨ। ਇਸ ਤਰ੍ਹਾਂ ਉਹ ਆਪਣੇ ਫਰਜ਼ਾਂ ਦੀ ਪੂਰਤੀ ਤਾਂ ਕਰ ਹੀ ਰਹੇ ਹਨ। ਪਰ ਬੱਚੇ ਨੂੰ ਸੁੱਖ-ਸੁਵਿਧਾਵਾਂ ਦੇ ਨਾਲ ਮਾਪਿਆਂ ਦੇ ਪਿਆਰ ਅਤੇ ਸਮੇਂ ਦੀ ਵੀ ਚਾਹਤ ਹੁੰਦੀ ਹੈ। ਬੱਚੇ ਚਾਹੁੰਦੇ ਹਨ ਕਿ ਮਾਪੇ ਉਨ੍ਹਾਂ ਨਾਲ ਗੱਲਾਂ ਕਰਨ, ਉਨ੍ਹਾਂ ਨਾਲ ਖੇਡਣ ਪਰ ਜ਼ਿਆਦਾਤਰ ਮਾਪੇ ਆਪਣੀ ਹੀ ਦੁਨੀਆ ਵਿਚ ਗੁਆਚੇ ਹੋਏ ਹਨ। ਕਈ ਘਰਾਂ ਦੀਆਂ ਔਰਤਾਂ ਕਿੱਟੀ ਪਾਰਟੀਆਂ, ਕਲੱਬਾਂ ਵਿਚ ਅਤੇ ਪੁਰਸ਼ ਆਪਣੀਆਂ ਮਿੱਤਰ ਮੰਡਲੀਆਂ ਵਿਚ ਰੁੱਝੇ ਰਹਿੰਦੇ ਹਨ। ਅਜਿਹੇ ਮਾਪੇ ਭੁੱਲ ਜਾਂਦੇ ਹਨ ਕਿ ਬੱਚਿਆਂ ਨੂੰ ਸਹੀ ਦੇਖਭਾਲ ਅਤੇ ਦਿਸ਼ਾ ਲਈ ਉਨ੍ਹਾਂ ਦੀ ਸੁਚੱਜੀ ਅਗਵਾਈ ਦੀ ਲੋੜ ਹੈ। ਮਾਪਿਆਂ ਦੇ ਪਿਆਰ, ਅਪਣੱਤ ਦੀ ਘਾਟ ਉਨ੍ਹਾਂ ਵਿਚ ਬੇਗਾਨਗੀ ਦਾ ਭਾਵ ਪੈਦਾ ਕਰਦੀ ਹੈ। ਦੂਜੇ ਪਾਸੇ ਸਖ਼ਤ ਮਿਹਨਤ ਦੇ ਬਾਵਜੂਦ ਗਰੀਬ ਮਾਪੇ ਬੱਚਿਆਂ ਦੀਆਂ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਪਾਉਂਦੇ। ਗਰੀਬੀ ਕਾਰਨ ਬੱਚਿਆਂ ਨੂੰ ਪੂਰੀ ਖੁਰਾਕ ਨਹੀਂ ਮਿਲਦੀ ਅਤੇ ਉਹ ਵਿੱਦਿਆ ਤੋਂ ਵਿਹੂਣੇ ਰਹਿ ਜਾਂਦੇ ਹਨ। ਸਰੀਰਕ ਅਤੇ ਮਾਨਸਿਕ ਤੌਰ 'ਤੇ ਜ਼ਿਆਦਾਤਰ ਕਮਜ਼ੋਰ ਬੱਚੇ ਦੇਸ਼ ਦੇ ਵਿਕਾਸ ਵਿਚ ਪੂਰਾ ਯੋਗਦਾਨ ਪਾਉਣ ਤੋਂ ਅਸਮਰੱਥ ਰਹਿੰਦੇ ਹਨ। ਇੰਜ ਪਰਿਵਾਰਾਂ ਦੀ ਗਰੀਬੀ ਜਾਂ ਇਕਹਿਰੇ ਪਰਿਵਾਰ ਬੱਚਿਆਂ ਦੇ ਸਹੀ ਵਿਕਾਸ ਵਿਚ ਰੁਕਾਵਟ ਬਣਦੇ ਜਾ ਰਹੇ ਹਨ।

ਬੱਚੇ ਦੇ ਜੀਵਨ 'ਤੇ ਮਾਤਾ-ਪਿਤਾ ਦੇ ਜੀਵਨ ਦਾ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਘਰੇਲੂ ਲੜਾਈ-ਝਗੜੇ ਵਾਲੇ ਮਾਹੌਲ 'ਚ ਪਲਦੇ ਬੱਚਿਆਂ ਦੀ ਮਾਨਸਿਕ ਤੇ ਸਰੀਰਕ ਸਿਹਤ 'ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਆਮ ਤੌਰ 'ਤੇ ਅਜਿਹੇ ਮਾਹੌਲ ਵਿਚ ਪਲੇ ਬੱਚੇ ਡਰਪੋਕ, ਝਗੜਾਲੂ, ਹਿੰਸਕ ਆਦਿ ਬਣ ਜਾਂਦੇ ਹਨ। ਅਜਿਹੇ ਬੱਚਿਆਂ ਦੀਆਂ ਭਾਵਨਾਵਾਂ ਕੁਚਲੀਆਂ ਜਾਂਦੀਆਂ ਹਨ ਅਤੇ ਉਹ ਆਪਣੀ ਯੋਗਤਾ ਦਾ ਸਹੀ ਉਪਯੋਗ ਨਹੀਂ ਕਰ ਪਾਉਂਦੇ। ਕਿਸੇ ਵਿਦਵਾਨ ਦੇ ਕਥਨ ਹਨ ਕਿ ਪਤੀ-ਪਤਨੀ ਨੇ ਲੜਨਾ-ਝਗੜਨਾ ਹੈ ਤਾਂ ਬੱਚਿਆਂ ਦੇ ਸੌਣ ਤੱਕ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ। ਜਿਨ੍ਹਾਂ ਘਰਾਂ ਵਿਚ ਸ਼ਾਂਤੀ ਦਾ ਵਾਤਾਵਰਨ ਹੁੰਦਾ ਹੈ, ਆਪਸ ਵਿਚ ਪ੍ਰੇਮ ਅਤੇ ਛੋਟੇ-ਵੱਡਿਆਂ ਦਾ ਆਦਰ ਹੁੰਦਾ ਹੈ, ਅਜਿਹੇ ਘਰ ਦੇ ਬੱਚਿਆਂ ਵਿਚ ਚੰਗੇ ਗੁਣ ਪੈਦਾ ਹੋ ਜਾਂਦੇ ਹਨ। ਬੱਚੇ ਨੂੰ ਜ਼ਿਆਦਾ ਨਾ ਹੀ ਲਾਡ-ਪਿਆਰ ਵਿਚ ਵਿਗਾੜਨਾ ਚਾਹੀਦਾ ਹੈ ਅਤੇ ਨਾ ਹੀ ਉਸ ਨੂੰ ਹਰ ਵਕਤ ਆਪਣੇ ਨਾਲ ਚਿਪਕਾ ਕੇ ਰੱਖਣਾ ਚਾਹੀਦਾ ਹੈ। ਲੋੜ ਤੋਂ ਵੱਧ ਸਖ਼ਤੀ ਵੀ ਬੱਚਿਆਂ ਵਿਚ ਵਿਦਰੋਹ ਦੀ ਭਾਵਨਾ ਪੈਦਾ ਕਰਦੀ ਹੈ। ਬੱਚਾ ਮਾਤਾ-ਪਿਤਾ ਦੋਵਾਂ ਦੇ ਲਈ ਆਨੰਦ ਅਤੇ ਖੁਸ਼ੀ ਦਾ ਸੋਮਾ ਹੈ। ਮਾਤਾ-ਪਿਤਾ ਨੂੰ ਆਪਣੀਆਂ ਘਰੇਲੂ ਅਤੇ ਹੋਰ ਜ਼ਿੰਮੇਵਾਰੀਆਂ ਦੇ ਨਾਲ-ਨਾਲ ਬੱਚੇ ਦੇ ਵਿਕਾਸ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਮਾਪਿਆਂ ਨੂੰ ਬੱਚਿਆਂ ਸਾਹਮਣੇ ਖੁਦ ਆਦਰਸ਼ ਵਿਵਹਾਰ ਪੇਸ਼ ਕਰਨਾ ਚਾਹੀਦਾ ਹੈ, ਜਿਸ ਨਾਲ ਬੱਚੇ ਬੁਰੀਆਂ ਆਦਤਾਂ ਤੋਂ ਸਹਿਜੇ ਹੀ ਦੂਰ ਚਲੇ ਜਾਣਗੇ। ਪਰਿਵਾਰਕ ਜੀਵਨ ਵਿਚ ਜੋ ਸਾਧਾਰਨ ਤੋਂ ਸਾਧਾਰਨ ਘਟਨਾ ਵੀ ਵਾਪਰਦੀ ਹੈ, ਇਸ ਦਾ ਵੀ ਨਿਸ਼ਚਿਤ ਰੂਪ ਵਿਚ ਬੱਚੇ ਦੇ ਜੀਵਨ, ਸੁਭਾਅ ਅਤੇ ਵਿਚਾਰਾਂ 'ਤੇ ਪ੍ਰਭਾਵ ਪੈਂਦਾ ਹੈ। ਜੇਕਰ ਨੀਂਹ ਹੀ ਖੋਖਲੀ ਹੋਵੇਗੀ, ਉਸ ਵਿਚ ਘਾਟਾਂ ਹੋਣਗੀਆਂ ਤਾਂ ਅਜਿਹੇ ਬੱਚਿਆਂ ਦਾ ਭਵਿੱਖੀ ਜੀਵਨ ਵੀ ਬੜਾ ਦੁਖਦਾਈ ਹੋਵੇਗਾ।

ਆਦਰਸ਼ ਸੱਭਿਅਕ ਸਮਾਜ ਦੇ ਨਾਗਰਿਕਾਂ ਵਿਚ ਪ੍ਰੇਮ, ਸਹਿਯੋਗ, ਇਮਾਨਦਾਰੀ, ਸੇਵਾ, ਸਹਿਣਸ਼ੀਲਤਾ, ਨਿਮਰਤਾ, ਸਚਾਈ ਆਦਿ ਗੁਣਾਂ ਦੀ ਬਹੁਤਾਤ ਹੁੰਦੀ ਹੈ। ਜਿਸ ਸਮਾਜ ਦੇ ਨਾਗਰਿਕਾਂ ਵਿਚ ਇਸ ਤਰ੍ਹਾਂ ਦੇ ਗੁਣ ਹੋਣ, ਉਹ ਸਮਾਜ ਓਨਾ ਹੀ ਉੱਚਾ ਸਮਝਿਆ ਜਾਂਦਾ ਹੈ। ਇਨ੍ਹਾਂ ਸਾਰਿਆਂ ਗੁਣਾਂ ਦੀ ਨੀਂਹ ਬਚਪਨ ਵਿਚ ਹੀ ਰੱਖੀ ਜਾਂਦੀ ਹੈ। ਇਸ ਲਈ ਸਾਂਝੇ ਪਰਿਵਾਰਾਂ ਨੂੰ ਬਣਾਈ ਰੱਖਣ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਕਹਿਰੇ ਪਰਿਵਾਰਾਂ ਵਿਚ ਬੱਚਿਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਸਮਾਂ ਦਿੱਤਾ ਜਾਵੇ। ਪਤੀ-ਪਤਨੀ ਨੂੰ ਆਪਸੀ ਮਨ-ਮੁਟਾਵ ਦੂਰ ਕਰਕੇ ਘਰ ਵਿਚ ਹਮੇਸ਼ਾ ਵਧੀਆ ਅਤੇ ਪਿਆਰ ਭਰਿਆ ਵਾਤਾਵਰਨ ਸਿਰਜਣਾ ਚਾਹੀਦਾ ਹੈ। ਦਿਨ ਵਿਚ ਘੱਟੋ-ਘੱਟ ਇਕ ਵਾਰ ਪਰਿਵਾਰ ਇਕੱਠਾ ਬੈਠ ਕੇ ਖਾਣਾ ਖਾਵੇ, ਜਿਸ ਵਿਚ ਬੱਚਿਆਂ ਨਾਲ ਦਿਨ ਭਰ ਦੀਆਂ ਕਿਰਿਆਵਾਂ ਬਾਰੇ ਗੱਲਬਾਤ ਕੀਤੀ ਜਾਵੇ। ਬੱਚਿਆਂ ਨੂੰ ਵੱਡਿਆਂ ਦਾ ਆਦਰ ਕਰਨਾ ਅਤੇ ਛੋਟਿਆਂ ਨੂੰ ਪਿਆਰ ਕਰਨਾ ਸਿਖਾਇਆ ਜਾਵੇ। ਮਾਪਿਆਂ ਨੂੰ ਬੱਚਿਆਂ ਦੀਆਂ ਇੱਛਾਵਾਂ, ਭਾਵਨਾਵਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਰੁਚੀਆਂ ਅਨੁਸਾਰ ਵਿਕਸਤ ਹੋਣ ਵਿਚ ਸਹਿਯੋਗ ਦੇਣਾ ਚਾਹੀਦਾ ਹੈ। ਕੁਦਰਤ ਨਾਲ ਅਤੇ ਪੁਸਤਕਾਂ ਨਾਲ ਜੋੜਨ ਦੇ ਉਪਰਾਲੇ ਕੀਤੇ ਜਾਣ, ਤਾਂ ਜੋ ਅੱਜ ਦੇ ਮਸ਼ੀਨੀ ਯੁੱਗ ਵਿਚ ਉਨ੍ਹਾਂ ਅੰਦਰ ਸੰਵੇਦਨਾ ਦੀ ਭਾਵਨਾ ਨਾ ਖਤਮ ਹੋ ਜਾਵੇ। ਗ਼ਰੀਬ ਪਰਿਵਾਰਾਂ ਦੇ ਬੱਚਿਆਂ ਲਈ ਸਰਕਾਰਾਂ ਦੇ ਨਾਲ-ਨਾਲ ਗੈਰ-ਸਰਕਾਰੀ ਸੰਸਥਾਵਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਬੱਚੇ ਦਾ ਬਚਪਨ ਨਾ ਖੋਹਿਆ ਜਾਵੇ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵਲੋਂ ਬੱਚਿਆਂ ਦੇ ਸਰਬਪੱਖੀ ਵਿਕਾਸ ਦੀ ਅਹਿਮੀਅਤ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਗਿਆ। ਉਨ੍ਹਾਂ ਭਾਰਤ ਦਾ ਭਵਿੱਖ ਬੱਚਿਆਂ ਦੀਆਂ ਮਾਸੂਮ ਅੱਖਾਂ ਵਿਚੋਂ ਵੇਖਿਆ।

- ਰਾਜੀਵ ਵਿਦਰੋਹੀ

ਜ਼ਿੰਦਗੀ 'ਚ ਹਮੇਸ਼ਾ ਰਹੋ ਸੁਚੇਤ

ਇਹ ਬਹੁਤ ਜ਼ਰੂਰੀ ਹੈ ਕਿ ਪੜ੍ਹਾਈ ਦੇ ਨਾਲ-ਨਾਲ ਜ਼ਿੰਦਗੀ ਜਿਊਂਣ ਤੇ ਜੀਵਨ 'ਚ ਵਿਚਰਨ ਦੀ ਜੀਵਨ ਜਾਂਚ ਵੀ ਜ਼ਰੂਰ ਆਉਣੀ ਚਾਹੀਦੀ ਹੈ, ਨਹੀਂ ਤਾਂ ਜ਼ਿੰਦਗੀ 'ਚ ਕਈ ਔਕੜਾਂ-ਪਰੇਸ਼ਾਨੀਆਂ ਸਾਨੂੰ ਦੁੱਖ-ਤਕਲੀਫ਼ ਪਹੁੰਚਾ ਸਕਦੀਆਂ ਹਨ। ਜਦੋਂ ਵੀ ਤੁਸੀਂ ਆਪਣੇ ਕਿਸੇ ਪਰਿਵਾਰਕ ਮੈਂਬਰਾਂ ਜਾਂ ਮਾਤਾ-ਪਿਤਾ ਨਾਲ ਧਾਰਮਿਕ ਸਥਾਨ 'ਤੇ ਮੱਥਾ ਟੇਕਣ ਜਾਂ ਹੋਰ ਕਿਸੇ ਥਾਂ 'ਤੇ ਘੁੰਮਣ ਫਿਰਨ ਲਈ ਜਾਓ ਤਾਂ ਕਿਸੇ ਅਣਜਾਣ ਵਿਅਕਤੀ ਵੱਲੋਂ ਦਿੱਤੀ ਗਈ ਚੀਜ਼ ਨਾ ਲਵੋ ਤੇ ਨਾ ਹੀ ਉਸ ਨੂੰ ਖਾਵੋ, ਕਿਉਂਕਿ ਅਜਿਹੀ ਚੀਜ਼ ਸਾਨੂੰ ਨੁਕਸਾਨ ਪਹੁੰਚਾਉਣ, ਲੁੱਟਣ ਦੀ ਨੀਅਤ ਜਾਂ ਬੇਹੋਸ਼ ਕਰਨ ਲਈ ਵੀ ਦਿੱਤੀ ਜਾ ਸਕਦੀ ਹੈ।।ਤੁਸੀਂ ਜਦੋਂ ਵੀ ਆਪਣੇ ਆਂਢ-ਗੁਆਂਢ ਜਾਂ ਕਿਸੇ ਦੋਸਤ ਦੇ ਘਰ ਖੇਡਣ ਲਈ ਜਾਓ ਤਾਂ ਹਮੇਸ਼ਾ ਆਪਣੇ ਮਾਤਾ-ਪਿਤਾ ਨੂੰ ਜ਼ਰੂਰ ਦੱਸ ਕੇ ਜਾਣਾ ਚਾਹੀਦਾ ਹੈ, ਤਾਂ ਜੋ ਤੁਹਾਡੇ ਮਾਤਾ-ਪਿਤਾ ਤੇ ਪਰਿਵਾਰ ਨੂੰ ਪਤਾ ਹੋਵੇ ਕਿ ਤੁਸੀਂ ਕਿੱਥੇ ਗਏ ਹੋ। ਸਕੂਲ ਤੋਂ ਆਉਂਦੇ-ਜਾਂਦੇ ਸਮੇਂ ਕਦੇ ਕਿਸੇ ਅਣਜਾਣ ਵਿਅਕਤੀ ਦੇ ਸਕੂਟਰ, ਮੋਟਰਸਾਈਕਲ ਜਾਂ ਕਾਰ ਆਦਿ 'ਚ ਨਹੀਂ ਬੈਠਣਾ ਚਾਹੀਦਾ। ਤੁਸੀਂ ਜਦੋਂ ਵੀ ਘਰ ਤੋਂ ਸਕੂਲ ਜਾਂਦੇ ਹੋ ਜਾਂ ਛੁੱਟੀ ਹੋਣ ਸਮੇਂ ਘਰ ਆਉਂਦੇ ਹੋ, ਤਾਂ ਦੋਸਤ ਇਕੱਠੇ ਹੋ ਕੇ ਸਕੂਲ ਜਾਓ ਜਾਂ ਘਰ ਆਓ ਅਤੇ ਕਦੇ ਵੀ ਰਸਤੇ 'ਚ ਨਾ ਖੜ੍ਹੋ। ਜੇ ਰਸਤੇ 'ਚ ਆਉਂਦੇ-ਜਾਂਦੇ ਸਮੇਂ ਕੋਈ ਅਣਜਾਣ ਵਿਅਕਤੀ ਤੁਹਾਡੇ ਕੋਲੋਂ ਕਿਸੇ ਪਿੰਡ ਜਾਂ ਕਿਸੇ ਥਾਂ ਦਾ ਪਤਾ ਪੁੱਛੇ ਤਾਂ ਉਸ ਨੂੰ ਬਿਨਾਂ ਕੁਝ ਦੱਸੇ ਅਤੇ ਉਸ ਨਾਲ ਬਿਨਾਂ ਕੋਈ ਗੱਲਬਾਤ ਕੀਤਿਆਂ ਤੁਰੰਤ ਉੱਥੋਂ ਚਲੇ ਜਾਓ ਅਤੇ ਜਲਦੀ ਆਪਣੇ ਘਰੇ ਪਹੁੰਚ ਜਾਓ। ਕਿਸੇ ਅਣਜਾਣ ਵਿਅਕਤੀ ਵੱਲੋਂ ਤੰਗ-ਪਰੇਸ਼ਾਨ ਕਰਨ 'ਤੇ ਤੁਰੰਤ ਉੱਚੀ ਆਵਾਜ਼ 'ਚ 'ਬਚਾਓ-ਬਚਾਓ' ਦਾ ਰੌਲਾ ਪਾ ਦਿਓ ਤੇ ਉਸ ਸਥਾਨ ਤੋਂ ਤੁਰੰਤ ਭੱਜ ਜਾਣ ਦੀ ਕੋਸ਼ਿਸ਼ ਕਰੋ। ਸਕੂਲ 'ਚ ਲੱਗੇ ਬਿਜਲੀ ਦੇ ਸਵਿੱਚਾਂ ਜਾਂ ਬਿਜਲੀ ਦੀਆਂ ਤਾਰਾਂ ਨੂੰ ਛੂਹਣ ਤੋਂ ਬਚਣਾ ਚਾਹੀਦਾ ਹੈ। ਘਰ ਤੋਂ ਬਾਹਰ ਨਦੀਆਂ, ਨਹਿਰਾਂ 'ਚ ਜਾਂ ਹੋਰ ਡੂੰਘੀਆਂ ਥਾਵਾਂ 'ਤੇ ਨਹਾਉਣ ਤੋਂ ਵੀ ਬਚਣਾ ਬਹੁਤ ਜ਼ਰੂਰੀ ਹੈ ਅਤੇ ਖੂਹਾਂ, ਦਰਿਆਵਾਂ, ਨਦੀਆਂ ਦੇ ਕਿਨਾਰਿਆਂ 'ਤੇ ਖੇਡਣ ਤੋਂ ਦੂਰ ਰਹੋ। ਆਪਣੇ ਮਾਤਾ-ਪਿਤਾ ਦਾ ਮੋਬਾਈਲ ਨੰਬਰ ਮੂੰਹ ਜ਼ੁਬਾਨੀ ਯਾਦ ਰੱਖਣਾ ਚਾਹੀਦਾ ਹੈ। ਬੁਰੀ ਸੰਗਤ ਤੋਂ ਬਚਣਾ ਚਾਹੀਦਾ ਹੈ। ਕਿਸੇ ਵੀ ਵਿਅਕਤੀ ਵੱਲੋਂ ਤੰਗ-ਪਰੇਸ਼ਾਨ ਕਰਨ 'ਤੇ ਤੁਰੰਤ ਬੇਝਿਜਕ ਹੋ ਕੇ ਆਪਣੇ ਮਾਤਾ-ਪਿਤਾ ਜਾਂ ਆਪਣੇ ਅਧਿਆਪਕਾਂ ਨੂੰ ਦੱਸਣਾ ਚਾਹੀਦਾ ਹੈ। ਜੇ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਇਹ ਅਣਗਹਿਲੀ ਤੁਹਾਡੇ ਲਈ ਵੱਡੀ ਪਰੇਸ਼ਾਨੀ ਬਣ ਸਕਦੀ ਹੈ। ਇਸ ਲਈ ਹਮੇਸ਼ਾ ਚੌਕਸ ਰਹੋ।

- ਮਾਸਟਰ ਸੰਜੀਵ ਧਰਮਾਣੀ

ਜੇ ਰਸਤੇ 'ਚ ਆਉਂਦੇ-ਜਾਂਦੇ ਸਮੇਂ ਕੋਈ ਅਣਜਾਣ ਵਿਅਕਤੀ ਤੁਹਾਡੇ ਕੋਲੋਂ ਕਿਸੇ ਪਿੰਡ ਜਾਂ ਕਿਸੇ ਥਾਂ ਦਾ ਪਤਾ ਪੁੱਛੇ ਤਾਂ ਉਸ ਨੂੰ ਬਿਨਾਂ ਕੁਝ ਦੱਸੇ ਅਤੇ ਉਸ ਨਾਲ ਬਿਨਾਂ ਕੋਈ ਗੱਲਬਾਤ ਕੀਤਿਆਂ ਤੁਰੰਤ ਉੱਥੋਂ ਚਲੇ ਜਾਓ ਅਤੇ ਜਲਦੀ ਆਪਣੇ ਘਰੇ ਪਹੁੰਚ ਜਾਓ।

ਅਕਾਲ ਤਖਤ ਦਾ ਸੱਚ ਬਨਾਮ ਮੋਹਨ ਭਾਗਵਤ ਦਾ ਕੱਚ

> ਦਸਮ ਪਾਤਸ਼ਾਹ ਦਾ ਸਬੰਧ ਹੈ, ਹਰ ਆਮ ਖਾਸ ਸਿੱਖ ਸਮਝ ਸਕਦਾ ਹੈ ਕਿ ਉਨ੍ਹਾਂ ਨੇ ਜੰਗੀ ਵਿਓਂਤਬੰਦੀ ਦੀ ਲੋੜ ਮੁਤਾਬਕ ਸ੍ਰੀ ਅਨੰਦਪੁਰ ਸਾਹਿਬ ਨੂੰ ਚੁਣਿਆ ਸੀ ਅਤੇ ਹਾਲਾਤ ਦੇ ਬਦਲਣ ਨਾਲ ਖਾਲਸੇ ਨੇ ਭਾਈ ਮਨੀ ਸਿੰਘ ਨੂੰ ਦਰਬਾਰ ਸਾਹਿਬ ਦੀ ਸੇਵਾ ਸੌਂਪ ਦਿੱਤੀ ਸੀ।

ਆਰ. ਐਸ ਐਸ ਦੇ ਆਗੂ ਮੋਹਨ ਭਾਗਵਤ ਵਲੋਂ ਭਾਰਤ ਨੂੰ ਹਿੰਦੂ ਰਾਜ ਐਲਾਨੇ ਜਾਣ ਪਿਛੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਪ੍ਰਤੀਕਰਮ ‘ਤੇ ਹੈਰਾਨੀ ਦਾ ਆਲਮ ਹੈ। ਇਹ ਗੱਲ ਕਿਸੇ ਦੇ ਚਿੱਤ ਚੇਤੇ ਨਹੀਂ ਸੀ ਕਿ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਅਕਾਲ ਤਖਤ ਦੇ ਰੁਤਬੇ ਨੂੰ ਜਿਸ ਕਦਰ ਢਾਹ ਲਾਈ ਗਈ ਸੀ, ਉਸ ਦੀ ਮੁੜ ਬਹਾਲੀ ਵੀ ਹੋ ਸਕਦੀ ਹੈ; ਪਰ ਹੁਣ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਆਰ. ਐਸ਼ ਐਸ਼ ਨੂੰ ਗੈਰਕਾਨੂੰਨੀ ਕਰਾਰ ਦਿੱਤੇ ਜਾਣ ਬਾਰੇ ਆਏ ਬਿਆਨ ਨਾਲ ਸਿੱਖ ਭਾਈਚਾਰੇ ਵਿਚ ਕੁਝ ਰੌਸ਼ਨੀ ਦੀ ਕਿਰਨ ਜਗੀ ਹੈ।

ਜਿਸ ਤਰ੍ਹਾਂ ਹਿੰਦੂਤਵੀ ਆਗੂ ਮੁਸਲਮਾਨਾਂ ਤੇ ਭਾਰਤ ਦੀਆਂ ਹੋਰ ਘੱਟਗਿਣਤੀਆਂ ਨਾਲ ਪੇਸ਼ ਆ ਰਹੇ ਹਨ ਅਤੇ ਜਿਸ ਤਰ੍ਹਾਂ ਹਿੰਦੂ ਭੀੜਾਂ ਨੂੰ ਹਿੰਸਾ ਲਈ ਉਕਸਾਇਆ ਜਾ ਰਿਹਾ ਹੈ, ਉਸ ਨੂੰ ਦੇਖਦਿਆਂ ਤਾਂ ਇਹ ਜਰੂਰੀ ਸਮਝਿਆ ਜਾਣਾ ਚਾਹੀਦਾ ਹੈ ਕਿ ਇੱਕ ਲੋਕ ਰਾਜੀ ਦੇਸ਼ ਵਿਚ ਅਜਿਹੀਆਂ ਗੈਰਕਾਨੂੰਨੀ ਕਾਰਵਾਈਆਂ ਦੀ ਕੱਤਈ ਇਜਾਜ਼ਤ ਨਹੀਂ ਹੋਣੀ ਚਾਹੀਦੀ। ਇਸ ਬੁਰਛਾਗਰਦੀ ਪਿੱਛੇ ਲਾਮਬੰਦ ਆਰ. ਐਸ਼ ਐਸ਼ ਦੇ ਗਿਰੋਹ ਨੂੰ ਨਿਆਂਪਾਲਿਕਾ ਵਿਚ ਪੇਸ਼ ਕਰਕੇ ਗੈਰਕਾਨੂੰਨੀ ਕਰਾਰ ਦੇ ਹੀ ਦੇਣਾ ਚਾਹੀਦਾ ਹੈ; ਪਰ ਭਾਰਤ ਦੇ ਰਾਜ ਭਾਗ ‘ਤੇ ਹਾਵੀ ਭਾਜਪਾ ਤਾਂ ਆਰ. ਐਸ਼ ਐਸ਼ ਦੀ ਹੀ ਪੈਦਾਇਸ਼ ਹੈ ਅਤੇ ਕਾਂਗਰਸ ਵਿਚ ਏਨਾ ਦਮ ਹੀ ਨਹੀਂ ਹੈ ਕਿ ਭਾਰਤ ਦੇ ਸੰਵਿਧਾਨ ਦੇ ਖਿਲਾਫ ਕਾਰਵਾਈਆਂ ਕਰਨ ਵਾਲੇ ਆਰ. ਐਸ਼ ਐਸ਼ ਦੇ ਅਪਰਾਧੀ ਗਿਰੋਹ ਦੀ ਜਵਾਬਦੇਹੀ ਕਰਵਾ ਸਕੇ।

ਗਿਆਨੀ ਹਰਪ੍ਰੀਤ ਸਿੰਘ ਦੀ ਬੇਬਾਕੀ ਕਾਰਨ ਸ਼ਾਇਦ ਬਾਦਲਾਂ ਨੇ ਉਨ੍ਹਾਂ ਨੂੰ ਸਿਰਫ ਆਰਜ਼ੀ ਤੌਰ ‘ਤੇ ਹੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਦਿੱਤੀ ਹੋਈ ਹੈ। ਹੁਣ ਦੇਖਣਾ ਇਹ ਹੈ ਕਿ ਆਰ. ਐਸ਼ ਐਸ਼ ਦੇ ਖਿਲਾਫ ਆਏ ਸਖਤ ਬਿਆਨਾਂ ਪਿੱਛੋਂ ਬਾਦਲ ਕੇ ਕੋਹੜੀ ਜਾਂ ਕਲੰਕੀ ਹੋਣ ਵਿਚੋਂ ਕਿਸ ਨੂੰ ਚੁਣਦੇ ਹਨ। ਕੁਝ ਲੋਕਾਂ ਦਾ ਖਿਆਲ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੇ ਆਰ. ਐਸ਼ ਐਸ਼ ‘ਤੇ ਪਾਬੰਦੀ ਦੇ ਬਿਆਨ ਮਹਿਜ ਸਿਆਸਤ ਤੋਂ ਪ੍ਰੇਰਿਤ ਹੀ ਹਨ, ਕਿਉਂਕਿ ਭਾਜਪਾ ਨਾਲ ਅਕਾਲੀ ਦਲ (ਬਾਦਲ) ਦੇ ਨਹੁੰ-ਮਾਸ ਦੇ ਰਿਸ਼ਤੇ ਦਾ ਹਰਿਆਣਾ ਵਿਚ ਤਲਾਕ ਹੋ ਗਿਆ ਅਤੇ ਪੰਜਾਬ ਵਿਚ ਬਾਦਲਾਂ ਦੇ ਲੱਤ ਮਾਰਨ ਲਈ ਭਾਜਪਾ ਸਿਰਫ ਮੁਨਾਸਬ ਮੌਕੇ ਦੀ ਭਾਲ ਵਿਚ ਹੈ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਜਿਸ ਤਰ੍ਹਾਂ ਦੇ ਬਿਆਨ ਅਕਾਲੀ ਦਲ ਖਿਲਾਫ ਪੰਜਾਬੀ ਵਿਚ ਦਿੱਤੇ ਹਨ, ਉਨ੍ਹਾਂ ਨੂੰ ਦੇਖ ਕੇ ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਭਾਜਪਾ ਨਾਲ ਬਾਦਲਾਂ ਦੇ ਇਸ ਰਿਸ਼ਤੇ ਦਾ ਹੁਣ ਕੋਈ ਵੀ ਤੁਕ ਨਹੀਂ ਬਣਦਾ। ਗਿਆਨੀ ਹਰਪ੍ਰੀਤ ਸਿੰਘ ਦੇ ਬਿਆਨਾਂ ਨੂੰ ਸਿਰਫ ਸਿਆਸੀ ਕਹਿਣਾ ਏਨਾ ਮੁਨਾਸਬ ਨਹੀਂ, ਕਿਉਂਕਿ ਉਨ੍ਹਾਂ ਨੇ ਪਹਿਲਾਂ ਕਸ਼ਮੀਰ ਦੇ ਮਾਮਲੇ ਵਿਚ ਵੀ ਉਸ ਵੇਲੇ ਡਟਵੇਂ ਬਿਆਨ ਦਿੱਤੇ ਸਨ, ਜਦੋਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਸੀ ਕਿ ‘ਜਿਨ੍ਹਾਂ ਲੋਕਾਂ ਦੇ ਵਿਆਹ ਨਹੀਂ ਹੁੰਦੇ, ਉਹ ਹੁਣ ਕਸ਼ਮੀਰ ਤੋਂ ਕੁੜੀਆਂ ਲਿਆ ਸਕਣਗੇ।‘ ਆਰ. ਐਸ਼ ਐਸ਼ ‘ਤੇ ਆਜ਼ਾਦ ਭਾਰਤ ਵਿਚ ਪਹਿਲਾਂ ਵੀ ਪਾਬੰਦੀ ਲੱਗ ਚੁਕੀ ਹੈ ਅਤੇ ਜੇ ਸਿੱਖਾਂ ਤੇ ਭਾਰਤ ਦੀਆਂ ਸਮੂਹ ਘੱਟਗਿਣਤੀਆਂ ਨੇ ‘ਹਿੰਦੀ, ਹਿੰਦੂ, ਹਿੰਦੋਸਤਾਨ’ ਅਤੇ ਹਿੰਦੂਤਵੀਆਂ ਦੇ ਰੁਝਾਨ ਦਾ ਵਿਰੋਧ ਨਾ ਕੀਤਾ ਤਾਂ ਭਾਰਤ ਵਿਚ ਘੱਟਗਿਣਤੀਆਂ ਦਾ ਰਹਿਣਾ ਮੁਹਾਲ ਹੋ ਜਾਏਗਾ। ਆਰ. ਐਸ਼ ਐਸ਼ ਵਲੋਂ ਹਿੰਦੂਆਂ ਨੂੰ ਹੀ ਭਾਰਤ ਦੇ ਅਸਲੀ ਵਾਸੀ ਮੰਨਿਆ ਜਾਣਾ ਵੀ ਸਰਾਸਰ ਗਲਤ ਹੈ। ਕੁਝ ਚਿੰਤਕ ਦਰਾਵੜ ਲੋਕਾਂ ਨੂੰ ਭਾਰਤ ਦੇ ਅਸਲ ਵਾਸੀ ਮੰਨਦੇ ਹਨ, ਜਦ ਕਿ ਸੱਚ ਇਹ ਹੈ ਕਿ ਭਾਰਤ ਕਦੀ ਵੀ ਇੱਕ ਦੇਸ਼ ਨਹੀਂ ਸੀ ਅਤੇ ਇਹ ਦੇਸ਼ ਅਨੇਕਾਂ ਕੌਮਾਂ, ਧਰਮਾਂ, ਬੋਲੀਆਂ ਅਤੇ ਨਸਲਾਂ ਦਾ ਸਮੂਹ ਹੈ। ਇਨ੍ਹਾਂ ਸਭ ਕੌਮਾਂ ਦਾ ਭਾਰਤ ‘ਤੇ ਓਨਾ ਹੀ ਹੱਕ ਹੈ, ਜਿੰਨਾ ਹਿੰਦੂਆਂ ਦਾ। ਸੱਚ ਇਹ ਹੈ ਕਿ ਆਰ. ਐਸ਼ ਐਸ਼ ਦੀ ਹਿੰਦੂਤਵੀ ਦਾਅਵੇਦਾਰੀ ਅਤੇ ਬੁਰਛਾਗਰਦੀ ਦੇਸ਼ ਵਿਚ ਗ੍ਰਹਿ ਯੁੱਧ ਜਿਹੇ ਹਾਲਾਤ ਪੈਦਾ ਕਰਕੇ ਭਾਰਤ ਨੂੰ ਤੋੜ ਦੇਵੇਗੀ।

550ਵੇਂ ਪ੍ਰਕਾਸ਼ ਪੁਰਬ ਸਬੰਧੀ ਸੰਦੇਸ਼: ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਥ ਦੇ ਨਾਂ ਕੁਝ ਸੰਦੇਸ਼ ਜਾਰੀ ਕੀਤੇ ਹਨ, ਜੋ ਕ੍ਰਮਵਾਰ ਇਸ ਤਰ੍ਹਾਂ ਹਨ,

- ਗੁਰਦੁਆਰਿਆਂ ਵਿਚ ਇਲੈਕਟ੍ਰਾਨਿਕ ਚੰਦੋਏ ਲਾਉਣ ਦੀ ਮਨਾਹੀ ਕੀਤੀ ਗਈ ਹੈ।
- ਬਾਜ਼ਾਰ ਵਿਚ ਗੁਰੂ ਸਾਹਿਬ ਦੀਆਂ ਵਿਕ ਰਹੀਆਂ ਮੂਰਤੀਆਂ ਦੀ ਮਨਾਹੀ ਕੀਤੀ ਗਈ ਹੈ ਕਿ ਇਹ ਬੰਦ ਕੀਤੀਆਂ ਜਾਣ।
- ਪਰਦੇਸਾਂ ਵਿਚ ਬਿਰਧ ਬੀੜਾਂ ਅਤੇ ਗੁਟਕਾ ਸਾਹਿਬ ਦੇ ਸਸਕਾਰ ਦੀ ਇਜਾਜ਼ਤ ਬਾਰੇ ਕਿਹਾ ਗਿਆ ਹੈ ਕਿ ਪਰਦੇਸਾਂ ਵਿਚ ਰਹਿਣ ਵਾਲੇ ਸਿੱਖ ਸਬੰਧਤ ਸਰਕਾਰਾਂ ਨਾਲ ਰਾਬਤਾ ਬਣਾ ਕੇ ਜਾਣਕਾਰੀ ਅਕਾਲ ਤਖਤ ਨੂੰ ਭੇਜਣ ਤਾਂ ਕਿ ਕੋਈ ਰੁਕਾਵਟ ਨਾ ਆਵੇ।
- 12 ਨਵੰਬਰ ਨੂੰ ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰ ਵਿਖੇ ਪੰਥ ਵਲੋਂ ਇੱਕ ਸਰਬ ਸਾਂਝੀ ਸਟੇਜ ਲਾਈ ਜਾਵੇਗੀ, ਜਿਸ ਦੀ ਜਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਹੋਵੇਗੀ। ਇਸ ਮੌਕੇ ਆਏ ਸਿਆਸੀ ਅਤੇ ਗੈਰ-ਸਿਆਸੀ ਆਗੂਆਂ ਦਾ ਬਰਾਬਰ ਦਾ ਸਤਿਕਾਰ ਹੋਵੇਗਾ, ਕਿਸੇ ਨਾਲ ਵੀ ਪੱਖਪਾਤ ਨਹੀਂ ਹੋਵੇਗਾ।

ਇਸ ਦੇ ਨਾਲ ਹੀ ਸੰਦੇਸ਼ ਜਾਰੀ ਕੀਤਾ ਗਿਆ ਹੈ ਕਿ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਮਨਾਉਂਦਿਆਂ ਸਾਰੇ ਪੰਥਕ ਪ੍ਰਚਾਰਕ ਅਤੇ ਬੁਲਾਰੇ ਸਿਰਫ ਤੇ ਸਿਰਫ ਗੁਰੂ ਨਾਨਕ ਸਾਹਿਬ ਦੀ ਮਾਨਵਤਾ ਨੂੰ ਦੇਣ ਨੂੰ ਹੀ ਪ੍ਰਮੁਖ ਰੱਖਣ।

- ਸਿੱਖ ਮਾਈ ਭਾਈ ਸੋਸ਼ਲ ਮੀਡੀਏ ‘ਤੇ ਕੀਤੀ ਜਾ ਰਹੀ ਬੇਲੋੜੀ ਅਤੇ ਬੇਰਸੀ ਬਿਆਨਬਾਜ਼ੀ ਤੋਂ ਸੰਕੋਚ ਕਰਨ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੀਡੀਏ ਨੂੰ ਦਿੱਤੇ ਬਿਆਨਾਂ ਵਿਚ ਕਿਹਾ ਹੈ ਕਿ ਭਾਈ ਰਣਜੀਤ ਸਿੰਘ ਢੱਡਰੀਆਂ ਸਬੰਧੀ ਆਈਆਂ ਸ਼ਿਕਾਇਤਾਂ ਲਈ ਪੰਜ ਮੈਂਬਰੀ ਵਿਦਵਾਨਾਂ ਦੀ ਟੀਮ ਬਣਾਈ ਜਾਵੇਗੀ, ਜੋ ਉਨ੍ਹਾਂ ਨਾਲ ਰਾਬਤਾ ਕਰਕੇ ਉਨ੍ਹਾਂ ਦੇ ਬਿਆਨ ਰਿਕਾਰਡ ਕਰਕੇ ਅਕਾਲ ਤਖਤ ‘ਤੇ ਪੇਸ਼ ਕਰੇਗੀ। ਇਨ੍ਹਾਂ ਬਿਆਨਾਂ ਦੇ ਆਧਾਰ ‘ਤੇ ਪੰਜ ਸਿੰਘ ਸਾਹਿਬਾਨ ਕੋਈ ਫੈਸਲਾ ਕਰਨਗੇ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਭਾਈ ਢੱਡਰੀਆਂ ਵਾਲੇ ਵਲੋਂ ਮਾਤਾ ਭਾਗ ਕੌਰ ਸਬੰਧੀ ਬਿਆਨਬਾਜ਼ੀ ਬਾਰੇ ਅਕਾਲ ਤਖਤ ਸਾਹਿਬ ‘ਤੇ ਆਈਆਂ ਸ਼ਿਕਾਇਤਾਂ ਪਿਛੋਂ ਇਹ ਮਾਮਲਾ ਭਖ ਗਿਆ ਸੀ। ਭਾਈ ਢੱਡਰੀਆਂ ਵਾਲੇ ਨੇ ਕਿਹਾ ਸੀ ਕਿ ਗੀਤਕਾਰ ਸਿੱਧੂ ਮੂਸੇਵਾਲੇ ਨੇ ਆਪਣੇ ਗੀਤ ਵਿਚ ਮਾਤਾ ਭਾਗ ਕੌਰ ਬਾਰੇ ਅਯੋਗ ਟਿੱਪਣੀ ਬਾਰੇ ਤਾਂ ਮੁਆਫੀ ਮੰਗ ਲਈ ਹੈ, ਪਰ ‘ਸਾਡੇ ਵਾਲੇ’ ਤਾਂ ਕਵੀ ਸੰਤੋਖ ਸਿੰਘ ਵਲੋਂ ਲਿਖਤ ਸੂਰਜ ਪ੍ਰਕਾਸ਼ ਗ੍ਰੰਥ ਦੀ ਕਥਾ ਗੁਰਦੁਆਰਿਆਂ ਵਿਚ ਕਰਵਾ ਰਹੇ ਹਨ, ਜਿਸ ਵਿਚ ਨਾ ਕੇਵਲ ਮਾਤਾ ਭਾਗ ਕੌਰ ਬਾਰੇ ਹੀ ਸਗੋਂ ਗੁਰਮਤਿ ਤੋਂ ਉਲਟ ਹੋਰ ਵੀ ਅਨੇਕਾਂ ਹਵਾਲੇ ਹਨ।

ਅਕਾਲ ਤਖਤ ਸਾਹਿਬ ਦੀ ਸਰਬ-ਉਚਤਾ ਬਾਰੇ ਵਿਵਾਦ: ਕੁਝ ਵਿਦਵਾਨਾਂ ਵਲੋਂ ਲਗਾਤਾਰ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਕਿ ਅਕਾਲ ਤਖਤ ਨੂੰ ਕਿਉਂਕਿ ਪਿਛਲੇ ਲੰਬੇ ਅਰਸੇ ਤੋਂ ਸਿਆਸੀ ਧਿਰਾਂ ਆਪਣੇ ਸੌੜੇ ਹਿੱਤਾਂ ਲਈ ਵਰਤ ਰਹੀਆਂ ਹਨ, ਇਸ ਕਰਕੇ ਅੱਜ ਕਲ ਦੇ ਅਮਲਾਂ ਵਿਚ ਤਖਤ ਸਾਹਿਬ ਦੀ ਤਾਬਿਆ ਰਹਿਣ ਦਾ ਮਤਲਬ ਆਰ. ਐਸ਼ ਐਸ਼ ਅਤੇ ਸਿਆਸੀ ਮੋਹਰਿਆਂ ਦੇ ਦੁਸ਼ਟ ਚੱਕਰ ਦੀ ਤਾਬਿਆ ਹੋਣਾ ਹੈ, ਜਿਸ ਖਿਲਾਫ ਬਗਾਵਤ ਜਰੂਰੀ ਹੈ। ਇਸ ਸਬੰਧੀ ਇਹ ਵੀ ਕਿਹਾ ਜਾ ਰਿਹਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਵੀ ਤਾਂ ਅਕਾਲ ਤਖਤ ਦੇ ਦਾਇਰੇ ਵਿਚ ਨਹੀਂ ਸਨ।

ਜਿਥੋਂ ਤਕ ਗੁਰੂ ਕਾਲ ਦਾ ਸਬੰਧ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਧੀਰ ਮੱਲੀਆਂ ਨੇ ਗੁਰੂ ਤੇਗ ਬਾਹਦਰ ਦੇ ਅੰਮ੍ਰਿਤਸਰ ਆਉਣ ‘ਤੇ ਦਰਬਾਰ ਸਾਹਿਬ ਦੇ ਦਰਵਾਜੇ ਬੰਦ ਕਰ ਦਿੱਤੇ ਸਨ ਅਤੇ ਗੁਰੂ ਸਾਹਿਬ ‘ਤੇ ਗੋਲੀ ਚਲਾਉਣ ਦੀ ਵੀ ਕੋਸ਼ਿਸ਼ ਕੀਤੀ ਸੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਭਲਕ ਨੂੰ ਸਿੱਖ ਸਮਾਜ ਨੂੰ ਦਰਬਾਰ ਸਾਹਿਬ ਤੋਂ ਬੇਮੁਖ ਕਰਨ ਲਈ ਢੁੱਚਰਾਂ ਖੜ੍ਹੀਆਂ ਕੀਤੀਆਂ ਜਾਣ। ਜਿਥੋਂ ਤਕ ਦਸਮ ਪਾਤਸ਼ਾਹ ਦਾ ਸਬੰਧ ਹੈ, ਹਰ ਆਮ ਖਾਸ ਸਿੱਖ ਸਮਝ ਸਕਦਾ ਹੈ ਕਿ ਉਨ੍ਹਾਂ ਨੇ ਜੰਗੀ ਵਿਓਂਤਬੰਦੀ ਦੀ ਲੋੜ ਮੁਤਾਬਕ ਸ੍ਰੀ ਅਨੰਦਪੁਰ ਸਾਹਿਬ ਨੂੰ ਚੁਣਿਆ ਸੀ ਅਤੇ ਹਾਲਾਤ ਦੇ ਬਦਲਣ ਨਾਲ ਖਾਲਸੇ ਨੇ ਭਾਈ ਮਨੀ ਸਿੰਘ ਨੂੰ ਦਰਬਾਰ ਸਾਹਿਬ ਦੀ ਸੇਵਾ ਸੌਂਪ ਦਿੱਤੀ ਸੀ। ਅੰਗਰੇਜ਼ਾਂ ਅਤੇ ਭਾਰਤੀ ਹਾਕਮਾਂ ਵਲੋਂ ਲਗਾਤਾਰ ਇਹ ਕੋਸ਼ਿਸ਼ਾਂ ਜਾਰੀ ਰਹੀਆਂ ਕਿ ਖਾਲਸੇ ਦੇ ਪ੍ਰਮੁਖ ਸ੍ਰੋਤਾਂ ਅਕਾਲ ਤਖਤ ਸਾਹਿਬ ਅਤੇ ਦਰਬਾਰ ਸਾਹਿਬ ਨੂੰ ਆਪਣੇ ਹਿੱਤ ਲਈ ਕਿਵੇਂ ਭੁਗਤਾਇਆ ਜਾਵੇ। ਇਸੇ ਕਰਕੇ ਅਕਾਲ ਤਖਤ ਸਾਹਿਬ ‘ਤੇ ਓਹੀ ਜਥੇਦਾਰ ਨਿਯੁਕਤ ਕੀਤੇ ਗਏ, ਜੋ ਸਰਕਾਰਾਂ ਨੂੰ ਮਨਜ਼ੂਰ ਸਨ। ਇਹ ਲੜੀ ਅਕਾਲ ਤਖਤ ਦੇ ਅੰਗਰੇਜ਼ਾਂ ਦੇ ਵੇਲੇ ਤੋਂ ਸਥਾਪਤ ਅਰੂੜ ਸਿੰਘ ਜਿਹੇ ਸਰਬਰਾਹਾਂ ਤੋਂ ਸ਼ੁਰੂ ਹੋ ਕੇ ਗਿਆਨੀ ਗੁਰਬਚਨ ਸਿੰਘ ਤਕ ਚਲੀ ਆਈ ਹੈ। ਇਥੋਂ ਤਕ ਕਿ ਸੰਨ ਚੁਰਾਸੀ ‘ਚ ਜਦੋਂ ਭਾਰਤੀ ਫੌਜ ਨੇ ਅਕਾਲ ਤਖਤ ਨੂੰ ਢਹਿ ਢੇਰੀ ਕਰ ਦਿੱਤਾ ਸੀ ਤਾਂ ਜਥੇਦਾਰ ਅਕਾਲ ਤਖਤ ਵਲੋਂ ਬਿਆਨ ਆਏ ਸਨ ਕਿ ਕੋਠਾ ਸਾਹਿਬ ਸੁਰੱਖਿਅਤ ਹਨ।

ਸੌਦੇ ਵਾਲੇ ਸਾਧ ਨੂੰ ਗਿਆਨੀ ਗੁਰਬਚਨ ਸਿੰਘ ਤੋਂ ਬਰੀ ਕਰਵਾ ਕੇ ਬਾਦਲਾਂ ਨੇ ਨਤੀਜਾ ਭੁਗਤ ਲਿਆ ਹੈ। ਇਹ ਵੀ ਸਪੱਸ਼ਟ ਹੈ ਕਿ ਭਾਜਪਾ ਨਾਲ ਅਕਾਲੀ ਦਲ ਦਾ ਰਿਸ਼ਤਾ ਡਾਵਾਂਡੋਲ ਹੈ ਅਤੇ ਹੁਣ ਮੌਕਾ ਹੈ ਕਿ ਅਕਾਲ ਤਖਤ ਸਾਹਿਬ ਦੇ ਰੁਤਬੇ ਨੂੰ ਬੁਲੰਦ ਕਰਕੇ ਪੰਥ ਦੀ ਚੜ੍ਹਦੀ ਕਲਾ ਲਈ ਯਤਨ ਕੀਤੇ ਜਾਣ। ਇਸ ਲਈ ਹੇਠ ਲਿਖੇ ਨੁਕਤਿਆਂ ‘ਤੇ ਅਮਲ ਜਰੂਰੀ ਹੈ,

1. ਸੰਪਰਦਾਵਾਂ, ਡੇਰੇ, ਨਿਹੰਗ ਛਾਉਣੀਆਂ, ਮਿਸ਼ਨਰੀ ਅਤੇ ਸਮੂਹ ਪੰਥਕ ਧਿਰਾਂ ਆਪੋ ਆਪਣੇ ਹਿੱਤਾਂ ਲਈ ਅਕਾਲ ਤਖਤ ਸਾਹਿਬ ਦੇ ਰੁਤਬੇ ਨੂੰ ਵਰਤਣ ਜਾਂ ਇਸ ਤੋਂ ਬਾਗੀ ਹੋਣ ਦੀਆਂ ਸਾਜ਼ਿਸ਼ਾਂ ਤੋਂ ਸੰਕੋਚ ਕਰਨ। ਪੰਥਕ ਸਟੇਜਾਂ ‘ਤੇ ਕਿਸੇ ਇੱਕ ਧਿਰ ਦਾ ਹੱਕ ਨਾ ਹੋਵੇ, ਸਗੋਂ ਸਮੁੱਚੇ ਪੰਥ ਲਈ ਸਾਂਝਿਆਂ ਕੀਤਾ ਜਾਵੇ। ਪੰਥ ਵਿਚ ਆਪਸੀ ਸਦਭਾਵਨਾ ਦਾ ਮਾਹੌਲ ਬਣਾਇਆ ਜਾਵੇ।
2. ਸਮੁੱਚਾ ਪੰਥ ਹੀ ਪ੍ਰਵਾਣਿਤ ਸਿੱਖ ਰਹਿਤ ਮਰਿਆਦਾ ਦੀ ਤਾਬਿਆ ਰਹੇ ਅਤੇ ਜੋ ਧਿਰਾਂ ਇਸ ਤੋਂ ਬਾਗੀ ਹਨ, ਉਨ੍ਹਾਂ ਨੂੰ ਪੰਥਕ ਸਟੇਜਾਂ ਦੀ ਇਜਾਰੇਦਾਰੀ ਦੇਣ ਜਾਂ ਪੰਥ ਦੀ ਅਗਵਾਈ ਦੀ ਇਜਾਰੇਦਾਰੀ ਦੇਣ ਤੋਂ ਸੰਕੋਚ ਕੀਤਾ ਜਾਵੇ। ਮੌਜੂਦਾ ਤਲਖੀ ਵਾਲੇ ਮਾਹੌਲ ਵਿਚ ਸਿੱਖ ਰਹਿਤ ਮਰਿਆਦਾ ਵਿਚ ਸੋਧਾਂ ਨਹੀਂ ਹੋ ਸਕਣੀਆਂ, ਇਸ ਲਈ ਯੋਗ ਮਾਹੌਲ ਬਣਾਉਣ ਦੀ ਲੋੜ ਹੈ।
3. ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖੀ ਦੇ ਪ੍ਰਚਾਰ ਸਬੰਧੀ ਪੁਰਾਤਨ ਸਰੋਤਾਂ ਵਿਚ ਸਮੇਂ ਸਮੇਂ ਮਿਲਾਵਟਾਂ ਹੋਈਆਂ ਹਨ, ਪਰ ਅੱਜ ਦੇ ਮਾਹੌਲ ਵਿਚ ਆਪਣੀਆਂ ਨਿੱਜੀ ਕਿੜਾਂ ਕੱਢਣ ਲਈ ਇਸ ਮੁੱਦੇ ਨੂੰ ਵਰਤਣ ਤੋਂ ਗੁਰੇਜ਼ ਕੀਤਾ ਜਾਵੇ ਅਤੇ ਜੇ ਕਿਸੇ ਨੇ ਇਸ ਸਬੰਧੀ ਪੰਥ ਦਾ ਧਿਆਨ ਦਿਵਾਉਣਾ ਵੀ ਹੋਵੇ ਤਾਂ ਆਪਣੀ ਭਾਸ਼ਾ ਦਾ ਖਾਸ ਖਿਆਲ ਰੱਖਿਆ ਜਾਵੇ। ਮੌਜੂਦਾ ਦੌਰ ਵਿਚ ਅਨੇਕਾਂ ਪ੍ਰਚਾਰਕਾਂ ਦੇ ਇਰਾਦੇ ਇਤਿਹਾਸਕ ਸ੍ਰੋਤਾਂ ਵਿਚ ਸੋਧ ਦੇ ਨਹੀਂ, ਸਗੋਂ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਲਈ ਵੱਧ ਤੋਂ ਵੱਧ ਉਕਸਾਊ ਅਤੇ ਘਟੀਆ ਬੋਲੀ ਬੋਲਣ ਦੇ ਹਨ।
4. ਸੋਸ਼ਲ ਮੀਡੀਏ ‘ਤੇ ਆਪੋ ਆਪਣੀ ਧਾਕ ਜਮਾਉਣ ਦੀ ਪ੍ਰਵਿਰਤੀ ਅਤੇ ਗਾਲ੍ਹ-ਮੰਦੇ ਜਾਂ ਆਪੇ ਤੋਂ ਬਾਹਰ ਹੋਣ ਦੀ ਬਿਆਨਬਾਜੀ ਮੁਕੰਮਲ ਤੌਰ ‘ਤੇ ਬੰਦ ਕੀਤੀ ਜਾਵੇ।
5. ਪਰਮਾਤਮਾ ਦੀ ਹੋਂਦ, ਨਾਮ ਸਿਮਰਨ, ਪਵਿੱਤਰ ਗੁਰੂਧਾਮਾਂ, ਪਵਿੱਤਰ ਸਰੋਵਰਾਂ ਅਤੇ ਗੁਰੂਕਾਲ ਦੇ ਇਤਿਹਾਸ ਬਾਰੇ ਦਿਮਾਗੀ ਘਾੜਤਾਂ ਘੜ ਕੇ ਪੰਥ ਵਿਚ ਦੁਬਿਧਾ ਪਾਉਣ ਤੋਂ ਪੂਰੀ ਤਰ੍ਹਾਂ ਸੰਕੋਚ ਕੀਤਾ ਜਾਵੇ। ਇਹ ਖਾਸ ਖਿਆਲ ਰੱਖਿਆ ਜਾਵੇ ਕਿ ਪਰਮਾਤਮਾ, ਪਰਮਾਤਮਾ ਦੀ ਬੰਦਗੀ ਅਤੇ ਸੇਵਾ ਦੀ ਮਹਾਨਤਾ ਨੂੰ ਮਹਿਜ਼ ਮਨੁੱਖੀ ਗੁਣਾਂ, ਕਾਮਨ ਸੈਂਸ ਜਾਂ ਵਿਗਿਆਨਕ ਅਸੂਲਾਂ ਤਕ ਸੀਮਤ ਕਰਨ ਦੀਆਂ ਰੁਚੀਆਂ ਗੁਰਬਾਣੀ ਦੇ ਸੱਚ ‘ਤੇ ਪੂਰੀਆਂ ਨਹੀਂ ਉਤਰਦੀਆਂ। ਮਿਸਾਲ ਵਜੋਂ ਨਾਮ ਸਿਮਰਨ ਅਤੇ ਵਾਹਿਗੁਰੂ ਦੀ ਅਸੀਮ ਸ਼ਕਤੀ, ਕਿਰਪਾ ਅਤੇ ਦਾਤਾਂ ਪ੍ਰਤੀ ਫੁਰਮਾਨ ਹਨ,

ਸਲੋਕ ਮ: ੧ ॥
ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥
ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥੧॥

ਗਉੜੀ ਮਾਲਾ ੫ ॥
ਮਾਧਉ ਹਰਿ ਹਰਿ ਹਰਿ ਮੁਖਿ ਕਹੀਐ ॥
ਹਮ ਤੇ ਕਛੂ ਨ ਹੋਵੈ ਸੁਆਮੀ
ਜਿਉ ਰਾਖਹੁ ਤਿਉ ਰਹੀਐ ॥੧॥ ਰਹਾਉ ॥

ਮਾਈਕ੍ਰੋਵੇਵ ਦਾ ਖਾਣਾ ਕੈਂਸਰ ਦੀ ਘੰਟੀ

ਰਸੋਈ 'ਚ ਮਾਈਕ੍ਰੋਵੇਵ ਦੀ ਵਰਤੋਂ ਨਾਲ ਖਾਣੇ ਵਿਚਲੇ ਸਿਹਤ ਲਈ ਲੋੜੀਂਦੇ ਤੱਤ ਨਸ਼ਟ ਹੋ ਜਾਂਦੇ ਹਨ ਤੇ ਖਾਣਾ ਜ਼ਹਿਰ ਬਣ ਜਾਂਦਾ ਹੈ ।ਜਦੋਂ ਅਸੀਂ ਬਾਰ-ਬੀ-ਕਿਊ ਕਰਦੇ ਹਾਂ ਤਾਂ ਮੀਟ 'ਚੋਂ ਜਿਹੜੀ ਫੈਟ ਹੇਠਾਂ ਡਿੱਗਦੀ ਹੈ, ਉਹ ਸਿਹਤ ਲਈ ਹੋਰ ਵੀ ਖ਼ਤਰਨਾਕ ਹੁੰਦੀ ਹੈ ।ਜਿਸ ਵੇਲੇ ਉਹ ਅੱਗ 'ਤੇ ਡਿੱਗ ਕੇ ਮੱਚਦੀ ਹੈ ਤਾਂ ਮੱਚਣ ਉਪਰੰਤ ਜੋ ਧੂੰਆਂ ਨਿਕਲਦਾ ਹੈ, ਉਹ ਦੁਬਾਰਾ ਉਸੇ ਮੀਟ ਨਾਲ ਲੱਗ ਕੇ ਉਸ ਨੂੰ ਜ਼ਹਿਰੀਲਾ ਬਣਾ ਦਿੰਦਾ ਹੈ ।ਅਜਿਹਾ 100 ਗ੍ਰਾਮ ਮੀਟ ਖਾਣ ਨਾਲ ਤਕਰੀਬਨ 800 ਸਿਗਰਟ ਪੀਣ ਜਿੰਨਾ ਸਿਹਤ ਨੂੰ ਨੁਕਸਾਨ ਹੁੰਦਾ ਹੈ ।ਮਾਈਕ੍ਰੋਵੇਵ ਓਵਨ ਦੀਆਂ ਸੂਖ਼ਮ ਤਰੰਗੀ ਵਿਕਰਨ ਭੋਜਨ ਨੂੰ ਜ਼ਹਰੀਲਾ ਬਣਾ ਦਿੰਦੇ ਹਨ । 1950 'ਚ ਰਡਾਰ ਦੇ ਵਿਕਾਸ ਦੌਰਾਨ ਰੂਸੀਆਂ ਨੇ ਹਜ਼ਾਰਾਂ ਸੈਨਿਕਾਂ 'ਤੇ ਮਾਇਕ੍ਰੋਵੇਵ ਦੇ ਸੰਪਰਕ 'ਚ ਆਉਣ ਦੀ ਜਾਂਚ ਕੀਤੀ ਸੀ । ਉਸ 'ਚ ਦੱਸਿਆ ਗਿਆ ਕਿ ਇਸ ਦਾ ਪਹਿਲਾ ਲੱਛਣ ਲੋਅ ਬਲੱਡ ਪ੍ਰੈਸ਼ਰ ਤੇ ਨਬਜ਼ ਦਾ ਹੌਲੀ ਚੱਲਣਾ ਤੇ ਬਾਅਦ 'ਚ ਸੰਵੇਦਨਿਕ ਤੰਤਰਿਕਾ ਪ੍ਰਣਾਲੀ 'ਚ ਉਤੇਜਨਾ ਅਤੇ ਹਾਈ ਬਲੱਡ ਪ੍ਰੈਸ਼ਰ ਹੈ । ਇਸ ਪੜਾਅ 'ਚ ਅਕਸਰ ਸਿਰਦਰਦ, ਚੱਕਰ ਆਉਣਾ, ਅੱਖਾਂ 'ਚ ਦਰਦ, ਅਨੀਂਦਰਾ, ਚਿੜਚਿੜਾਪਨ, ਚਿੰਤਾ, ਪੇਟ ਦਰਦ, ਵਾਲਾਂ ਦਾ ਝੜਨਾ, ਪੱਥਰੀ, ਮੋਤੀਆਬਿੰਦ, ਪ੍ਰਜਨਣ ਸਮੱਸਿਆਵਾਂ ਤੇ ਕੈਂਸਰ ਦਾ ਵਾਧਾ ਆਦਿ ਵੀ ਸ਼ਾਮਿਲ ਹੈ ।

ਘੱਟ ਉਮਰ ਦੀਆਂ ਮਾਵਾਂ ਦੇ ਬੱਚਿਆਂ 'ਚ ਏਡੀਐੱਚਡੀ ਦਾ ਖ਼ਤਰਾ

ਘੱਟ ਉਮਰ ਦੀਆਂ ਮਾਵਾਂ ਦੇ ਬੱਚਿਆਂ 'ਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਖ਼ਤਰਾ ਰਹਿੰਦਾ ਹੈ । ਇਕ ਨਵੇਂ ਅਧਿਐਨ 'ਚ ਪਾਇਆ ਗਿਆ ਹੈ ਕਿ ਅਜਿਹੇ ਬੱਚੇ ਅਟੈਂਸ਼ਨ ਡੇਫੀਸ਼ਿਟ ਹਾਈਪਰਐਕਟਿਵ ਡਿਸਆਰਡਰ (ਏਡੀਐੱਚਡੀ) ਨਾਲ ਵੀ ਜੂਝ ਸਕਦੇ ਹਨ ।ਕਿਸੇ ਕੰਮ 'ਚ ਮਨ ਨਾ ਲੱਗਣਾ ਅਤੇ ਵੱਡੇ ਪੱਧਰ 'ਤੇ ਸਰਗਰਮੀ ਇਸ ਬਿਮਾਰੀ ਦੇ ਲੱਛਣ ਹਨ । ਸਾਇੰਟਿਫਿਕ ਰਿਪੋਰਟਸ ਜਰਨਲ 'ਚ ਛਪੇ ਅਧਿਐਨ ਮੁਤਾਬਕ, 20 ਸਾਲ ਤੋਂ ਘੱਟ ਉਮਰ ਦੀਆਂ ਮਾਵਾਂ ਦੇ ਬੱਚੇ ਏਡੀਐੱਚਡੀ ਨਾਲ ਪੀੜਤ ਹੋ ਸਕਦੇ ਹਨ । ਖੋਜੀਆਂ ਨੇ ਬੱਚਿਆਂ 'ਚ ਏਡੀਐੱਚਡੀ ਦੇ ਜੈਨੇਟਿਕ ਖ਼ਤਰੇ ਅਤੇ 20 ਤੋਂ ਘੱਟ ਉਮਰ 'ਚ ਮਾਂ ਬਣਨ ਵਾਲੀਆਂ ਔਰਤਾਂ ਵਿਚਾਲੇ ਡੂੰਘਾ ਸਬੰਧ ਪਾਇਆ । ਉਨ੍ਹਾਂ ਇਹ ਸਿੱਟਾ ਕਰੀਬ ਦੋ ਲੱਖ 20 ਹਜ਼ਾਰ ਔਰਤਾਂ ਦੇ ਡਾਟਾ ਦੇ ਵਿਸ਼ਲੇਸ਼ਣ ਦੇ ਆਧਾਰ 'ਤੇ ਕੱਢਿਆ । ਇਸ ਅਧਿਐਨ ਨਾਲ ਜੁੜੇ ਯੂਨੀਵਰਸਿਟੀ ਆਫ ਆਸਟ੍ਰੇਲੀਆ ਦੇ ਐਸੋਸੀਏਟ ਪ੍ਰੋਫੈਸਰ ਹਾਂਗ ਲੀ ਨੇ ਕਿਹਾ, ਸਿੱਟਿਆਂ ਤੋਂ ਇਸ ਸਮੱਸਿਆ ਤੋਂ ਬਚਾਅ ਦਾ ਬਿਹਤਰ ਤਰੀਕਾ ਲੱਭਣ ਵਿਚ ਮਦਦ ਮਿਲ ਸਕਦੀ ਹੈ ।

ਕੜ੍ਹੀ ਭਾਰਤੀਆਂ ਦੇ ਘਰਾਂ 'ਚ ਸ਼ੁੱਧ ਤੇ ਪੌਸ਼ਟਿਕ ਭੋਜਨ ਮੰਨਿਆ ਜਾਂਦੈ

ਆਮ ਤੌਰ 'ਤੇ ਸਰਦੀਆਂ 'ਚ ਗਰਮ ਖਾਣੇ ਦੀ ਤਲਾਸ਼ ਕਰਦੇ ਹਾਂ, ਜੋ ਸਾਡੀ ਸਿਹਤ ਲਈ ਵਧੀਆ ਹੈ । ਸਰਦੀਆਂ 'ਚ ਗਰਮੀ ਦੇਣ ਦੇ ਨਾਲ-ਨਾਲ ਸਾਡੀ ਸੁਰੱਖਿਆ ਵੀ ਕਰਦੀ ਹੈ ।ਵੈਸੇ ਕੜ੍ਹੀ ਕਈ ਭਾਰਤੀਆਂ ਦੇ ਘਰਾਂ 'ਚ ਸ਼ੁੱਧ ਤੇ ਪੌਸ਼ਟਿਕ ਭੋਜਨ ਮੰਨਿਆ ਜਾਂਦਾ ਹੈ।ਇਹੀਂ ਨਹੀਂ, ਕੜ੍ਹੀ ਨੂੰ ਇਸ ਦੇ ਵੱਖਰੇ ਸਵਾਦ ਕਰਕੇ ਜ਼ਿਆਦਾਤਰ ਲੋਕ ਪਸੰਦ ਕਰਦੇ ਹਨ।ਕੜ੍ਹੀ ਤੁਹਾਡੇ ਲਈ ਕਈ ਪੌਸ਼ਟਿਕ ਤੱਤਾਂ ਨਾਲ ਵੀ ਭਰਪੂਰ ਹੈ, ਇਸ 'ਚ ਪੌਸ਼ਟਿਕ, ਕੈਲਸ਼ੀਅਮ, ਫਾਸਫੋਰਸ, ਵਿਟਾਮਿਨ ਤੇ ਖਣਿਜਾਂ ਨਾਲ ਭਰਪੂਰ ਹੈ ।

ਚਿਹਰੇ ਤੇ ਵਾਲ਼ਾਂ ਲਈ ਲਾਭਦਾਇਕ; ਕੜ੍ਹੀ 'ਚ ਐਂਟੀ ਆਕਸੀਡੈਂਟਸ ਤੇ ਐਂਟੀ ਇੰਫਲਾਮੇਟਰੀ ਗੁਣਾਂ ਪਾਏ ਜਾਂਦੇ ਹਨ । ਇਹ ਤੁਹਾਡੇ ਚਿਹਰੇ ਦੀਆਂ ਸਮੱਸਿਆਵਾਂ ਨੂੰ ਵੀ ਦੂਰ ਕਰਦੀ ਹੈ ।ਇਸ ਨਾਲ ਚਿਹਰ ਤੋਂ ਦਾਗ਼, ਧੱਬੇ ਤੇ ਵਾਲਾਂ ਦੀ ਸਮੱਸਿਆ ਨੂੰ ਦੂਰ ਕਰਨ 'ਚ ਮਦਦ ਕਰਦੀ ਹੈ ।

ਪਾਚਨ 'ਚ ਸੁਧਾਰ ; ਕੜ੍ਹੀ ਤੁਹਾਡੇ ਪਾਚਨ ਨੂੰ ਵਧੀਆ ਰੱਖ 'ਚ ਮਦਦ ਕਰਦੀ ਹੈ । ਕਿਉਂਕਿ ਇਸ 'ਚ ਵਧੀਆ ਬੈਕਟੀਰੀਆ ਹੁੰਦੇ ਹਨ, ਜੋ ਅੰਤੜੀਆਂ ਨੂੰ ਵਧੀਆ ਤੇ ਸੁਰੱਖਿਅਤ ਰੱਖਦੀ ਹੈ ।

ਹੀਮੋਗਲੋਬਿਨ ਵਧਾਉਣ 'ਚ ਮਦਦਗਾਰ ; ਜਿਨ੍ਹਾਂ ਲੋਕਾਂ 'ਚ ਖ਼ੂਨ ਦੀ ਘਾਟ ਹੁੰਦੀ ਹੈ, ਉਨ੍ਹਾਂ ਲਈ ਬਹੁਤ ਹੀ ਵਧੀਆ ਹੈ ।ਕਿਉਂਕਿ ਕੜ੍ਹੀ ਆਇਰਨ ਤੇ ਪ੍ਰੋਟੀਨ ਨਾਲ ਭਰਪੂਰ ਹੈ, ਜੋ ਕਿ ਤੁਹਾਡੇ ਹੀਮੋਗਲੋਬਿਨ ਨੂੰ ਵਧਾਉਂਦੀ ਹੈ ।

ਭਾਰ ਘੱਟ ਕਰਨਾ ; ਅਕਸਰ ਜੋ ਲੋਕ ਆਪਣੇ ਭਾਰ ਨੂੰ ਲੈ ਕੇ ਪਰੇਸ਼ਾਨ ਰਹਿੰਦੇ ਹਨ, ਕੁਝ ਵੀ ਖਾਣ ਤੋਂ ਪਹਿਲਾਂ ਸੋਚਦੇ ਹਨ ।ਉਨ੍ਹਾਂ ਲਈ ਇਕ ਸਲਾਹ ਹੈ ਕਿ ਕੜ੍ਹੀ ਨੂੰ ਆਪਣਾ ਦੋਸਤ ਬਣਾ ਲਓ ।ਕੜ੍ਹੀ 'ਚ ਮੌਜੂਦ ਚਨਿਆਂ ਦਾ ਆਟਾ ਮੁੱਖ ਸਮਗਰੀ ਦੇ ਰੂਪ 'ਚ ਸ਼ਾਮਲ ਹੁੰਦਾ ਹੈ ।

ਸਵੇਰ ਦੀ ਬਜਾਏ ਰਾਤ ਨੂੰ ਬਲੱਡ ਪ੍ਰੈਸ਼ਰ ਦੀ ਦਵਾਈ ਲੈਣਾ ਫ਼ਾਇਦੇਮੰਦ

ਹਾਈ ਬਲੱਡ ਪ੍ਰੈਸ਼ਰ ਦੀ ਦਵਾਈ ਦਾ ਅਸਰ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਉਸ ਦੀ ਵਰਤੋਂ ਕਿਸ ਸਮੇਂ 'ਤੇ ਕੀਤੀ ਗਈ ।ਤਾਜ਼ਾ ਖੋਜ ਮੁਤਾਬਕ, ਰਾਤ ਨੂੰ ਸੌਂਦੇ ਸਮੇਂ ਬਲੱਡ ਪ੍ਰੈਸ਼ਰ ਦੀ ਦਵਾਈ ਲੈਣ ਨਾਲ ਦਿਲ ਦਾ ਦੌਰਾ ਪੈਣ ਦਾ ਖ਼ਦਸ਼ਾ ਅੱਧਾ ਰਹਿ ਜਾਂਦਾ ਹੈ ।ਅਜਿਹੇ ਲੋਕਾਂ ਵਿਚ ਸਵੇਰੇ ਦਵਾਈ ਲੈਣ ਵਾਲਿਆਂ ਦੇ ਮੁਕਾਬਲੇ ਵਿਚ ਸਟ੍ਰੋਕ ਅਤੇ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਵੀ ਘੱਟ ਹੋ ਜਾਂਦਾ ਹੈ ।ਖੋਜ 'ਚ 19,084 ਮਰੀਜ਼ਾਂ ਦੇ ਅੰਕੜੇ ਜੁਟਾਏ ਗਏ ਸਨ ।ਕਰੀਬ ਛੇ ਸਾਲ ਦੇ ਅਧਿਐਨ ਤੋਂ ਬਾਅਦ ਵਿਗਿਆਨੀਆਂ ਨੇ ਪਾਇਆ ਕਿ ਸੌਂਦੇ ਸਮੇਂ ਬਲੱਡ ਪ੍ਰੈਸ਼ਰ ਦੀ ਦਵਾਈ ਲੈਣ ਵਾਲਿਆਂ ਦਾ ਬਲੱਡ ਪ੍ਰੈਸ਼ਰ ਵੀ ਕੰਟਰੋਲ ਵਿਚ ਰਹਿੰਦਾ ਹੈ । ਵਿਗਿਆਨੀਆਂ ਨੇ ਕਿਹਾ ਕਿ ਹਾਲੇ ਇਨ੍ਹਾਂ ਦਵਾਈਆਂ ਨਾਲ ਇਨ੍ਹਾਂ ਦੀ ਵਰਤੋਂ ਨੂੰ ਲੈ ਕੇ ਕੋਈ ਵਿਸ਼ੇਸ਼ ਨਿਰਦੇਸ਼ ਨਹੀਂ ਦਿੱਤਾ ਜਾਂਦਾ ਹੈ ।ਪੁਰਾਣੀ ਧਾਰਨਾ ਦੇ ਆਧਾਰ 'ਤੇ ਕਈ ਡਾਕਟਰ ਆਮ ਤੌਰ 'ਤੇ ਸਵੇਰੇ-ਸਵੇਰੇ ਦਵਾਈ ਲੈਣ ਦਾ ਹੀ ਸੁਝਾਅ ਦਿੰਦੇ ਹਨ।

ਗਰਭ ਅਵਸਥਾ 'ਚ ਇਨਫੈਕਸ਼ਨ ਬੱਚੇ ਦੇ ਦਿਮਾ.ਗ ਲਈ ਖ਼ਤਰਾ

ਗਰਭ ਅਵਸਥਾ ਦੌਰਾਨ ਮਾਂ ਨੂੰ ਕਿਸੇ ਤਰ੍ਹਾਂ ਦੀ ਇਨਫੈਕਸ਼ਨ ਹੋਣ ਨਾਲ ਬੱਚੇ ਦੇ ਦਿਮਾ.ਗ ਨੂੰ ਖ਼ਤਰਾ ਹੋ ਸਕਦਾ ਹੈ ।ਅਜਿਹੇ ਬੱਚੇ ਅੱਗੇ ਚੱਲ ਕੇ ਆਟਿਜ਼ਮ ਦਾ ਸ਼ਿਕਾਰ ਹੋ ਸਕਦੇ ਹਨ ।ਆਟਿਜ਼ਮ ਪੀੜਤ ਬੱਚਿਆਂ ਨੂੰ ਲੋਕਾਂ ਨਾਲ ਘੁਲਣ-ਮਿਲਣ ਅਤੇ ਗੱਲ ਕਰਨ ਵਿਚ ਮੁਸ਼ਕਲ ਹੁੰਦੀ ਹੈ ।ਇਸ ਤਰ੍ਹਾਂ ਦੇ ਬੱਚਿਆਂ ਵਿਚ ਸਿਜੋਫ੍ਰੇਨੀਆ ਦਾ ਵੀ ਖ਼ਤਰਾ ਰਹਿੰਦਾ ਹੈ ।ਸਿਜੋਫ੍ਰੇਨੀਆ ਨਾਲ ਵਿਅਕਤੀ ਦੀ ਸੋਚਣ-ਸਮਝਣ ਦੀ ਸਮਰੱਥਾ ਪ੍ਰਭਾਵਿਤ ਹੋ ਜਾਂਦੀ ਹੈ ।ਕਈ ਵਾਰ ਵਿਅਕਤੀ ਵਾਸਤਵਿਕਤਾ ਤੋਂ ਹੱਟ ਕੇ ਕਲਪਨਾ 'ਚ ਰਹਿਣ ਲੱਗਦਾ ਹੈ ।ਚੂਹਿਆਂ 'ਤੇ ਕੀਤੇ ਗਏ ਅਧਿਐਨ 'ਚ ਵਿਗਿਆਨਕਾਂ ਨੇ ਇਹ ਪਤਾ ਲਗਾਇਆ ਹੈ ਕਿ ਮਾਂ ਨੂੰ ਹੋਣ ਵਾਲੀ ਇਨਫੈਕਸ਼ਨ ਕਿਵੇਂ ਬੱਚੇ ਦੇ ਦਿਮਾ.ਗੀ ਵਿਕਾਸ 'ਤੇ ਅਸਰ ਪਾਉਂਦੀ ਹੈ ।ਇਹ ਆਪਣੀ ਤਰ੍ਹਾਂ ਦਾ ਪਹਿਲਾ ਅਧਿਐਨ ਹੈ, ਜਿਸ ਵਿਚ ਇਸ ਸਬੰਧ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ ।ਵਿਗਿਆਨਕਾਂ ਨੇ ਦੱਸਿਆ ਕਿ ਗਰਭ ਅਵਸਥਾ ਦੇ ਕਿਸ ਦੌਰ ਵਿਚ ਮਾਂ ਨੂੰ ਇਨਫੈਕਸ਼ਨ ਹੋਇਆ, ਇਸ ਨਾਲ ਵੀ ਬੱਚੇ ਦੇ ਦਿਮਾ.ਗ 'ਤੇ ਪੈਣ ਵਾਲੇ ਅਸਰ ਵਿਚ ਬਦਲਾਅ ਹੁੰਦਾ ਹੈ ।

ਹਵਾ ਪ੍ਰਦੂਸ਼ਣ ਤੋਂ ਬਚਣਾ ਹੈ ਤਾਂ ਪੀਓ 3 ਤਰ੍ਹਾਂ ਦੀ ਚਾਹ

ਦਿੱਲੀ ਐੱਨਸੀਆਰ ਸਮੇਤ ਉਤਰੀ ਭਾਰਤ ਵਿਚ ਹਵਾ ਪ੍ਰਦੂਸ਼ਣ ਦਾ ਪੱਧਰ ਵੱਧ ਚੁੱਕਾ ਹੈ, ਜਿਸ ਕਾਰਨ ਦਿੱਲੀ ਵਿਚ ਜਨਤਕ ਸਿਹਤ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ । ਇਸ ਸਮਾਂ ਸਿਹਤ ਪ੍ਰਤੀ ਸਾਵਧਾਨੀ ਵਰਤਣ ਦਾ ਹੈ । ਆਓ ਜਾਣਦੇ ਹਾਂ ਕਿਹੜੀਆਂ ਸਾਵਧਾਨੀਆਂ ਵਰਤ ਕੇ ਤੁਸੀਂ ਰਾਹਤ ਹਾਸਲ ਕਰ ਸਕਦੇ ਹੋ । ਰੋਜ਼ਮਰ੍ਹਾ ਦੇ ਭੋਜਨ ਵਿਚ ਇਨ੍ਹਾਂ ਤਿੰਨ ਤਰ੍ਹਾਂ ਦੀ ਚਾਹ ਨੂੰ ਸ਼ਾਮਲ ਕਰਨ ਨਾਲ ਕਾਫੀ ਹੱਦ ਤਕ ਸਿਹਤ ਸਮੱਸਿਆਵਾਂ ਜਿਵੇਂ ਖਾਂਸੀ, ਜ਼ੁਕਾਮ ਅਤੇ ਸਾਹ ਲੈਣ ਵਿਚ ਤਕਲੀਫ਼ ਤੋਂ ਨਿਜਾਤ ਪਾਈ ਜਾ ਸਕਦੀ ਹੈ ।

ਅਦਰਕ, ਸ਼ਹਿਦ ਅਤੇ ਨਿੰਬੂ ਚਾਹ ;ਜੇ ਤੁਸੀਂ ਅਦਰਕ, ਸ਼ਹਿਦ, ਨਿੰਬੂ ਦੀ ਚਾਹ ਬਣਾ ਕੇ ਪੀਂਦੇ ਹੋ ਤਾਂ ਇਸ ਨਾਲ ਤੁਹਾਡੇ ਫੇਫੜੇ ਕਾਫੀ ਹੱਦ ਤਕ ਡਿਟਾਕਸ ਹੋ ਜਾਣਗੇ ।ਅਦਰਕ 'ਚ ਐਂਟੀ ਇੰਫਲਾਮੈਂਟਰੀ ਗੁਣ ਹਨ ਜੋ ਖਾਂਸੀ ਜ਼ੁਕਾਮ ਅਤੇ ਸਰੀਰ ਵਿਚ ਜੰਮਣ ਵਾਲੀ ਗੰਦਗੀ ਨੂੰ ਸਾਫ਼ ਕਰਨ ਵਿਚ ਮਦਦਗਾਰ ਸਿੱਧ ਹੁੰਦੇ ਹਨ ।ਸ਼ਹਿਦ ਖਾਂਸੀ ਨੂੰ ਠੀਕ ਕਰਦਾ ਹੈ ਅਤੇ ਨਿੰਬੂ ਵਿਚ ਵਿਟਾਮਿਨ ਸੀ ਹੁੰਦਾ ਹੈ ।

ਹਲਦੀ ਅਦਰਕ ਚਾਹ;ਖਾਂਸੀ ਜ਼ੁਕਾਮ ਅਤੇ ਸਰਦੀ ਤੋਂ ਬਚਣ ਲਈ ਅਦਰਕ ਅਤੇ ਹਲਦੀ ਦੋਵੇਂ ਬੇਹੱਦ ਕਾਰਗਰ ਹਨ । ਹਲਦੀ ਵਿਚ ਕਰਕਿਉਮਿਨ ਐਂਟੀ ਇੰਫਲਾਮੇਟਰੀ, ਐਂਟੀ ਆਕਸੀਡੈਂਟ ਅਤੇ ਕੈਂਸਰਰੋਧੀ ਏਜੰਟ ਮੌਜੂਦ ਹੁੰਦੇ ਹਨ । ਇਸ ਲਈ ਇਹ ਹਵਾ ਪ੍ਰਦੂਸ਼ਣ ਤੋਂ ਬਚਾਉਣ ਵਿਚ ਤੁਹਾਡੀ ਮਦਦ ਕਰਦੀ ਹੈ ।

ਮੁਲੱਠੀ ਜੜ੍ਹ ਦੀ ਚਾਹ ;ਮੁਲੱਠੀ ਦੀ ਚਾਹ ਤੁਹਾਡੇ ਪੂਰੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਮਦਦਗਾਰ ਸਾਬਤ ਹੋ ਸਕਦੀ ਹੈ । ਕੁਝ ਅਧਿਐਨਾਂ ਵਿਚ ਵੀ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਮੁਲੱਠੀ ਦੀ ਚਾਹ ਵਿਚ ਐਂਟੀ ਵਾਇਰਲ ਅਤੇ ਐਂਟੀ ਬੈਕਟੀਰੀਅਲ ਗੁਣ ਹੁੰਦੇ ਹਨ। ਜਿਸ ਕਾਰਨ ਇਹ ਤੁਹਾਡੇ ਸਰੀਰ ਨੂੰ ਡਿਟਾਕਸ ਕਰਦੀ ਹੈ ।

ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ
ਸੱਚ ਦਾ ਸੰਕਲਪ

ਕੂੜੁ ਬੋਲਿ ਮੁਰਦਾਰੁ ਖਾਇ ॥
ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥

ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਸੱਚ ਦੀ ਵਿਆਖਿਆ ਕਰਦਾ ਸੱਚ ਦੇ ਸਿਖਰ ‘ਤੇ ਜਾ ਪਹੁੰਚਦਾ ਹੈ। ‘ਸਤਿ ਨਾਮੁ‘ ਦੀ ਧੁਨ ਗੁਰੂ ਜੀ ਦੀ ਸਮੁੱਚੀ ਬਾਣੀ ਵਿਚ ਗੂੰਜਦੀ ਹੈ,

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਸੱਚ ਆਦਿ-ਜੁਗਾਦੀ ਹੈ। ਇਹ ਭੂਤ, ਭਵਿੱਖ ਅਤੇ ਵਰਤਮਾਨ-ਤਿੰਨਾਂ ਕਾਲਾਂ ਵਿਚ ਮੌਜੂਦ ਹੈ। ਮਨੁੱਖ ਇਹਦੇ ਭੂਤ ਅਤੇ ਭਵਿੱਖ ਦੀ ਕੋਈ ਹੱਦ ਨਿਸ਼ਚਿਤ ਨਹੀਂ ਕਰ ਸਕਦਾ। ਜਾਹਰ ਹੈ, ਸੱਚ ਪਰਮਾਤਮਾ ਹੀ ਹੈ।


ਮਾਨਸ ਦੇਹ ਬਹੁਰਿ ਨਹ ਪਾਵੈ
ਕਛੂ ਉਪਾਉ ਮੁਕਤਿ ਕਾ ਕਰੁ ਰੇ ॥
O man, thou shalt not, again, attain the human body. Make some effort for thy deliverance.

ਜਿੱਥੇ ਸੱਚ ਪਰਮਾਤਮਾ ਹੀ ਹੈ, ਉਥੇ ਦੁਨਿਆਵੀ ਜ਼ਿੰਦਗੀ ਦੇ ਕਾਰ-ਵਿਹਾਰ ਵਿਚ ਸੱਚ ਦੀ ਅਹਿਮੀਅਤ ਸੰਸਾਰ ਦੇ ਸਭ ਧਰਮਾਂ ਨੇ ਹੀ ਮੰਨੀ ਹੈ। ਸੱਚ ਬੋਲਣਾ, ਸੱਚ ਸੁਣਨਾ ਅਤੇ ਸੱਚ ਅਨੁਸਾਰ ਜ਼ਿੰਦਗੀ ਬਤੀਤ ਕਰਨਾ ਹੀ ਅਸਲ ਵਿਚ ਧਾਰਮਿਕ ਜ਼ਿੰਦਗੀ ਹੈ।

ਸੱਚ ਦਾ ਵਿਰੋਧੀ ਸ਼ਬਦ ਝੂਠ ਜਾਂ ਕੂੜ ਹੈ। ਗੁਰਬਾਣੀ ਵਿਚ ਇਨ੍ਹਾਂ ਦੋਹਾਂ ਸ਼ਬਦਾਂ ਦੀ ਵਰਤੋਂ ਆਮ ਕੀਤੀ ਗਈ ਹੈ। ਸੱਚ ਦੀ ਸਿਫਤ-ਸਲਾਹ ਅਤੇ ਕੂੜ ਦੀ ਨਿਖੇਧੀ ਕਰਕੇ ਮਨੁੱਖ ਨੂੰ ਸੱਚ ਦੇ ਰਸਤੇ ‘ਤੇ ਚੱਲਣ ਦੀ ਪ੍ਰੇਰਨਾ ਕੀਤੀ ਗਈ ਹੈ। ਗੁਰੂ ਅਰਜਨ ਦੇਵ ਮਨੁੱਖ ਦੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਸਮਝਦੇ ਹੋਏ ਫੁਰਮਾਉਂਦੇ ਹਨ,

ਸਾਚੁ ਧਰਮੁ ਨਹੀ ਭਾਵੈ ਡੀਠਾ ॥
ਝੂਠ ਧੋਹ ਸਿਉ ਰਚਿਓ ਮੀਠਾ ॥
(ਧਨਾਸਰੀ ਮ: 5, ਪੰਨਾ 676)

ਝੂਠ ਜਾਂ ਕੂੜ ਦੀ ਦੁਨਿਆਵੀ ਖਿੱਚ ਮਨੁੱਖ ਵਿਚ ਬਹੁਤ ਹੈ। ਮਨੁੱਖੀ ਮਨ ਨੂੰ ਇਹ ਸ਼ਹਿਦ ਵਰਗਾ ਮਿੱਠਾ ਲਗਦਾ ਹੈ। ਇਸ ਦਾ ਚਸਕਾ ਜਿਸ ਮਨੁੱਖ ਨੂੰ ਪੈ ਜਾਵੇ, ਉਹ ਝੂਠ ਤੋਂ ਬਿਨਾ ਰਹਿ ਨਹੀਂ ਸਕਦਾ। ਸੱਚ ਕੌੜਾ ਹੁੰਦਾ ਹੈ। ਕੌੜੇ ਤੋਂ ਇਲਾਵਾ ਸੱਚ ਮੁਸ਼ਕਿਲਾਂ ਨਾਲ ਭਰਪੂਰ ਹੁੰਦਾ ਹੈ। ਝੂਠ ਦਾ ਰਸਤਾ ਆਸਾਨ ਹੈ। ਸੱਚ ਦਾ ਰਸਤਾ ਔਕੜਾਂ ਭਰਿਆ ਹੁੰਦਾ ਹੈ। ਦੁਨੀਆਂ ਵਿਚ ਸੱਚ ਨੂੰ ਅਕਸਰ ਫਾਂਸੀ ਮਿਲਦੀ ਹੈ ਅਤੇ ਝੂਠ ਨੂੰ ਇਨਾਮ। ਸੁਕਰਾਤ, ਮਨਸੂਰ, ਈਸਾ ਮਸੀਹ, ਪ੍ਰਹਲਾਦ ਭਗਤ, ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਕਬੀਰ ਆਦਿ ਦੀਆਂ ਜੀਵਨ-ਕਥਾਵਾਂ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਸੱਚ ਦੇ ਰਾਹ ‘ਤੇ ਚੱਲਣਾ ਕਿੰਨਾ ਔਖਾ ਹੈ। ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਦਾ ਗੁਰ-ਇਤਿਹਾਸ ਤਾਂ ਹੈ ਹੀ ਸੱਚ ਦਾ ਬਿਖੜਾ ਮਾਰਗ।

ਗੁਰੂ ਨਾਨਕ ਮਨੁੱਖ ਨੂੰ ਜੀਵਨ ਵਿਚ ਸੱਚ ਦਾ ਰਸਤਾ ਅਪਨਾਉਣ ਲਈ ਪ੍ਰੇਰਦੇ ਹਨ। ਇਸ ਪ੍ਰੇਰਨਾ ਪਿੱਛੇ ਵੱਡੀ ਦਲੀਲ ਇਹ ਹੈ ਕਿ ਜਿਸ ਪਰਮਾਤਮਾ ਦੇ ਅਸੀਂ ਅੰਸ਼ ਹਾਂ, ਉਹ ਸੱਚਾ ਹੈ। ਜੇ ਅਸੀਂ ਉਸ ਦੇ ਨਾਲ ਇਕਮਿਕਤਾ ਚਾਹੁੰਦੇ ਹਾਂ ਅਤੇ ਆਪਣੀ ਮਾਨਸਿਕ ਤੇ ਆਤਮਿਕ ਸ਼ਾਂਤੀ ਚਾਹੁੰਦੇ ਹਾਂ ਤਾਂ ਸਪੱਸ਼ਟ ਰੂਪ ਵਿਚ ਸਾਡੇ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਅਸੀਂ ਸੱਚ ਦੇ ਰਸਤੇ ‘ਤੇ ਚੱਲੀਏ। ਗੁਰੂ ਨਾਨਕ ਨੇ ‘ਜਪੁ‘ ਬਾਣੀ ਵਿਚ ਫੁਰਮਾਇਆ ਹੈ,

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
(ਪੰਨਾ 2)

ਅਤੇ

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
(ਪੰਨਾ 6)

ਇਸੇ ਤਰ੍ਹਾਂ ਗੁਰੂ ਸਾਹਿਬ ਨੇ ‘ਸਚੀ ਟਕਸਾਲ‘, ‘ਸਚਾ ਦਰਬਾਰੁ‘, ‘ਸਾਚੀ ਕਾਰ‘, ‘ਸਚਿਆਰੁ‘ ਅਤੇ ‘ਸਚ ਖੰਡਿ‘ ਸ਼ਬਦਾਂ ਦੀ ਪਰਮਾਤਮਾ ਦਾ ਬਿਆਨ ਕਰਦਿਆਂ ਵਰਤੋਂ ਕੀਤੀ ਹੈ। ਕਿਉਂਕਿ ਪਰਮਾਤਮਾ ਦਾ ਸਥਾਨ ਉਸ ਦਾ ਦਰਬਾਰ ਅਤੇ ਉਸ ਦਾ ਹਰ ਕੰਮ ਸੱਚ ਨਾਲ ਭਰਪੂਰ ਹੈ, ਇਸ ਲਈ ਮਨੁੱਖ ਨੂੰ ਵੀ ਉਸ ਦੇ ਮਿਲਾਪ ਲਈ ਸੱਚ ਦਾ ਸਹਾਰਾ ਲੈਣਾ ਪਵੇਗਾ। ਝੂਠੇ ਬਾਦਸ਼ਾਹ ਤੱਕ ਪਹੁੰਚ ਕਰਨ ਲਈ ਮਨੁੱਖ ਝੂਠ ਦੀ ਵਰਤੋਂ ਕਰ ਸਕਦਾ ਹੈ। ਮਾਇਆਧਾਰੀ ਹੁਕਮਰਾਨ ਤੱਕ ਪਹੁੰਚ ਕਰਨ ਲਈ ਮਨੁੱਖ ਮਾਇਆ ਦੀ ਵਰਤੋਂ ਕਰ ਸਕਦਾ ਹੈ, ਪਰ ਇੱਥੇ ਪਹੁੰਚ ਸੱਚੇ ਦਰਬਾਰ ਵਿਚ ਕੀਤੀ ਜਾਣੀ ਹੈ। ਮਿਲਾਪ ਸੱਚੇ ਪਾਤਸ਼ਾਹ ਨਾਲ ਕਰਨਾ ਹੈ। ਇੱਥੇ ਮਾਇਆ ਅਤੇ ਝੂਠ ਪਹੁੰਚ ਕਰਨ ਦਾ ਸਹਾਰਾ ਤਾਂ ਕੀ ਬਣਨੇ, ਸਗੋਂ ਰਾਹ ਦੀ ਰੁਕਾਵਟ ਬਣਦੇ ਹਨ।

ਇਸ ਲਈ ਮਨੁੱਖ ਜੇ ਧਾਰਮਿਕ ਬਣਨਾ ਚਾਹੁੰਦਾ ਹੈ, ਜੇ ਅਧਿਆਤਮਕ ਮਾਰਗ ਦਾ ਪਾਂਧੀ ਬਣਨਾ ਚਾਹੁੰਦਾ ਹੈ ਤਾਂ ਨਿਸਚੇ ਹੀ ਉਸ ਨੂੰ ਸੱਚ ਦਾ ਰਾਹ ਅਪਨਾਉਣਾ ਪਵੇਗਾ।

ਸੱਚ ਦੀ ਪ੍ਰੇਰਨਾ ਦੇਣ ਪਿੱਛੇ ਗੁਰੂ ਸਾਹਿਬ ਦੀ ਦੂਜੀ ਦਲੀਲ ਇਹ ਹੈ ਕਿ ਕੂੜ ਦੀ ਜਿੱਤ ਅਸਥਾਈ ਹੈ। ਝੂਠ ਜਾਂ ਕੂੜ ਥੋੜ੍ਹੇ ਚਿਰ ਲਈ ਮਨੁੱਖ ਨੂੰ ਕੋਈ ਦੁਨਿਆਵੀ ਕਾਮਯਾਬੀ ਦੇ ਸਕਦਾ ਹੈ, ਪਰ ਉਹ ਨਾਲੋ-ਨਾਲ ਮਨੁੱਖ ਨੂੰ ਮਾਨਸਿਕ ਤੌਰ ‘ਤੇ ਡੇਗ ਦਿੰਦਾ ਹੈ। ਅਖੀਰ ਜਿੱਤ ਸੱਚ ਦੀ ਹੁੰਦੀ ਹੈ। ਇਕ ਦਿਨ ਝੂਠ ਦਾ ਭਾਂਡਾ ਫੁੱਟ ਜਾਂਦਾ ਹੈ। ਬਾਹਰੋਂ ਦਿੱਸਦੀ ਰੰਗ-ਬਿਰੰਗੀ ਖਿੱਦੋ ਖਿੰਡ ਜਾਂਦੀ ਹੈ। ਵਿਚਲੀਆਂ ਲੀਰਾਂ ਬਾਹਰ ਆ ਜਾਂਦੀਆਂ ਹਨ। ਇਕ ਝੂਠ ਛੁਪਾਉਣ ਲਈ ਸੌ ਹੋਰ ਝੂਠ ਬੋਲਣੇ ਪੈਂਦੇ ਹਨ ਅਤੇ ਮਨੁੱਖ ਝੂਠਾਂ ਦੀ ਪੰਡ ਬਣ ਜਾਂਦਾ ਹੈ। ਫਿਰ ਝੂਠ ਦੇ ਕੋਈ ਪੈਰ ਵੀ ਨਹੀਂ ਹੁੰਦੇ ਤੇ ਜਿਸ ਮਨੁੱਖ ਦੇ ਪੈਰ ਹੀ ਧਰਤੀ ‘ਤੇ ਟਿਕਣ ਜੋਗੇ ਨਾ ਰਹਿਣ, ਉਸ ਦੀ ਜ਼ਿੰਦਗੀ ਦੁਸ਼ਵਾਰ ਹੋ ਜਾਂਦੀ ਹੈ। ਦੂਜੇ ਪਾਸੇ ਸੱਚ ਦੀ ਜਿੱਤ ਸਥਾਈ ਹੈ। ਇਹ ਜਿੱਤ ਹਾਸਲ ਕਰਨ ਦਾ ਰਸਤਾ ਜਿੰਨਾ ਦੁਖਦਾਈ ਹੈ, ਉਸ ਦੀ ਪ੍ਰਾਪਤੀ ਓਨੀ ਹੀ ਸੁਖਦਾਈ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ,

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

ਗੁਰੂ ਸਾਹਿਬ ਦੀ ਤੀਜੀ ਦਲੀਲ ਇਹ ਹੈ ਕਿ ਸੱਚ ‘ਤੇ ਚੱਲਣ ਵਾਲਾ ਮਨੁੱਖ ਇਸ ਸੰਸਾਰ ਵਿਚ ਵੀ ਮਾਣ ਪਾਉਂਦਾ ਹੈ। ਝੂਠ ‘ਤੇ ਚੱਲਣ ਵਾਲਾ ਮਨੁੱਖ ਮੁਰਦਾਰ ਖਾਣ ਵਾਲਾ ਮਨੁੱਖ ਮੰਨਿਆ ਗਿਆ ਹੈ। ਅਜਿਹਾ ਮਨੁੱਖ ਆਪ ਤਾਂ ਡੁੱਬਦਾ ਹੀ ਹੈ, ਨਾਲ ਵਾਲਿਆਂ ਨੂੰ ਵੀ ਲੈ ਡੁੱਬਦਾ ਹੈ। ਜਿਹੜੇ ਅਜਿਹੇ ਆਗੂ ਦੇ ਪਿੱਛੇ ਲੱਗੇ ਹੁੰਦੇ ਹਨ, ਉਹ ਵੀ ਇਸ ਦੁਨੀਆਂ ਵਿਚ ਅਪਮਾਨਿਤ ਹੁੰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ,

ਕੂੜੁ ਬੋਲਿ ਮੁਰਦਾਰੁ ਖਾਇ ॥
ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥
ਨਾਨਕ ਐਸਾ ਆਗੂ ਜਾਪੈ ॥ (ਪੰਨਾ 140)

ਪਰ ਸੱਚ ਬੋਲਣ ਵਾਲਾ ਮਨੁੱਖ ਹੱਕ ਦੀ ਕਮਾਈ ਖਾਂਦਾ ਹੈ। ਉਸ ਦੀ ਸੰਗਤ ਕਰਨ ਵਾਲੇ ਜਾਂ ਉਸ ਦੇ ਨਾਲ ਕੰਮ ਕਰਨ ਵਾਲੇ ਵੀ ਉਸ ਤੋਂ ਪ੍ਰੇਰਨਾ ਲੈ ਕੇ ਠੀਕ ਰਸਤੇ ‘ਤੇ ਤੁਰਦੇ ਹਨ। ਇਸ ਤਰ੍ਹਾਂ ਉਹ ਪਤਵੰਤਾ ਸੱਜਣ ਆਪ ਵੀ ਤਰਦਾ ਹੈ ਅਤੇ ਦੂਜਿਆਂ ਨੂੰ ਵੀ ਤਾਰ ਦਿੰਦਾ ਹੈ। ਸੱਚ ਨਾਲ ਮਨੁੱਖ ਦਾ ਮਨ ਨਿਰਮਲ ਹੋ ਜਾਂਦਾ ਹੈ। ਉਸ ਦਾ ਹਿਰਦਾ ਸੱਚਾ ਹੋ ਜਾਂਦਾ ਹੈ। ਕੂੜ ਦੀ ਮੈਲ ਉਸ ਦੇ ਤਨ-ਮਨ ਤੋਂ ਉਤਰ ਜਾਂਦੀ ਹੈ। ਉਸ ਦੇ ਪਾਪਾਂ ਦਾ ਨਿਤਾਰਾ ਹੋ ਜਾਂਦਾ ਹੈ, ਪਾਪ ਕੱਟੇ ਜਾਂਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ,

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥

ਅਤੇ

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥
(ਪੰਨਾ 468)

ਗੁਰੂ ਨਾਨਕ ਦੇਵ ਨੇ ਸੱਚ ਬੋਲਣ, ਸੱਚ ਸੁਣਨ ਅਤੇ ਸੱਚ ਨੂੰ ਮੰਨਣ ‘ਤੇ ਏਨਾ ਜ਼ੋਰ ਦਿੱਤਾ ਹੈ ਕਿ ਗੁਰੂ ਜੀ ਦੇ ਪੰਥ ਦਾ ਧਾਰਨੀ ਹੋਣ ਲਈ ਮਨੁੱਖ ਨੂੰ ਸੱਚ ਦੇ ਰਸਤੇ ‘ਤੇ ਚੱਲਣਾ ਹੀ ਪਵੇਗਾ। ਜੋ ਮਨੁੱਖ ਸੱਚ ਬੋਲਦਾ ਨਹੀਂ, ਸੱਚ ਸੁਣਦਾ ਨਹੀਂ ਅਤੇ ਸੱਚ ਨੂੰ ਮੰਨਦਾ ਨਹੀਂ, ਉਹ ਗੁਰੂ ਜੀ ਦੇ ਨਿਰਮਲ ਪੰਥ ਦਾ ਧਾਰਨੀ ਨਹੀਂ ਅਖਵਾ ਸਕਦਾ। ਗੁਰੂ ਜੀ ਉਸ ਦੀ ਹਾਮੀ ਭਰਨ ਲਈ ਤਿਆਰ ਨਹੀਂ ਹਨ। ਉਹ ਬਹਿਸ਼ਤ ਜਾਂ ਪਰਮਾਤਮਾ ਦੀ ਇਕਮਿਕਤਾ ਲਈ ਸੱਚ ਕਮਾਉਣਾ ਪਹਿਲੀ ਸ਼ਰਤ ਮੰਨਦੇ ਹਨ। ਗੁਰੂ ਜੀ ਫੁਰਮਾਉਂਦੇ ਹਨ,

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥
(ਪੰਨਾ 141)

ਸੱਚ ਤੋਂ ਬਿਨਾ ਮਨੁੱਖ ਸੁੱਚਾ ਹੋ ਹੀ ਨਹੀਂ ਸਕਦਾ। ਝੂਠ ਬੋਲ ਬੋਲ ਕੇ ਜੀਵਨ ਜੀਣ ਵਾਲਾ ਮਨੁੱਖ ਸੁੱਚਾ ਨਹੀਂ ਹੋ ਸਕਦਾ। ਆਓ ਗੁਰੂ ਸਾਹਿਬ ਦੇ ਫੁਰਮਾਨ ਨੂੰ ਸਮਝਣ ਦਾ ਯਤਨ ਕਰੀਏ ਅਤੇ ਆਪਣੇ ਮਨ ਨੂੰ ਸੱਚ ਨਾਲ ਧੋਣ ਦਾ ਉਪਰਾਲਾ ਕਰੀਏ,

ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥
(ਪੰਨਾ 56)


ਨਾਨਕ ਲੀਨ ਭਇਓ
ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ ॥
O Nanak, He (Gurmukh) merges with the Lord of the Universe, like water with water.
(Sri Guru Granth Sahib Ji : Ang-633)

ਆਖਿਰ ਅਸੀਂ ਆਪਣੇ ਫਰਜ਼ ਕਿਉਂ ਨਹੀਂ ਨਿਭਾ ਪਾਏ?

ਜ਼ਮਾਨਾ ਬਦਲਿਆ। ਸੋਸ਼ਲ ਨੈਟਵਰਕਿੰਗ ਦਾ ਯੁੱਗ ਆ ਗਿਆ ।ਵਿਗਿਆਨ ਨੇ ਬਹੁਤ ਤਰੱਕੀ ਕਰ ਲਈ। ਚੰਨ ਤੇ ਭਾਰਤ ਦੇ ਕਦਮ ਪੁੱਜ ਗਏ ਹਨ । ਜਿੰਨੀ ਅੱਜ ਦੀ ਜ਼ਿੰਦਗੀ ਆਰਾਮਦਾਇਕ ਹੋ ਚੁੱਕੀ ਹੈ, ਉਨਾਂ ਹੀ ਮਨੁੱਖੀ ਸਰੀਰ ਬਿਮਾਰੀਆਂ ਨਾਲ ਘਿਰ ਗਿਆ ਹੈ। ਜੋ ਅੱਜ ਕੱਲ ਦੀ ਪੀੜੀ ਹੈ ਉਸ ਨੂੰ ਮੋਬਾਇਲ ਸੋਸ਼ਲ, ਨੈਟਵਰਕਿੰਗ ਸਾਈਟਸ ਦਾ ਬਹੁਤ ਜ਼ਿਆਦਾ ਲਗਾਵ ਹੋ ਚੁੱਕਾ ਹੈ। ਬੱਚੇ ਅੱਜ ਕੱਲ ਸਾਰਾ ਸਮਾਂ ਮੋਬਾਇਲ ’ਤੇ ਹੀ ਗੁਆ ਰਹੇ ਹਨ । ਦੇਖਦੇ ਹੀ ਹਾਂ ਕਿ ਛੋਟੀ ਉਮਰ ਦੇ ਬੱਚਿਆਂ ਨੂੰ ਐਨਕਾਂ ਤੱਕ ਲੱਗ ਚੁੱਕੀਆਂ ਹਨ । ਕਹਿਣ ਦਾ ਜ਼ਮਾਨਾ ਬਿਲਕੁਲ ਵੀ ਨਹੀਂ ਰਿਹਾ ਹੈ। ਮਾਂ ਬਾਪ ਨੂੰ ਧਮਕੀਆਂ ਦਿੰਦੇ ਹਨ । ਜੇ ਬੱਚੇ ਸਕੂਲ ਵਿੱਚ ਕੰਮ ਕਰਕੇ ਨਹੀਂ ਜਾਂਦੇ ਹਨ ਜਾਂ ਕਲਾਸ ਵਿੱਚ ਕੋਈ ਅਜਿਹੀ ਹਰਕਤ ਕਰ ਦਿੰਦੇ ਹਨ ।ਸਕੂਲ ਦਾ ਮਾਸਟਰ, ਪ੍ਰਿੰਸੀਪਲ ਬੱਚਿਆਂ ਨੂੰ ਬਿਲਕੁਲ ਵੀ ਨਹੀਂ ਝਿੜਕਦਾ ਹੈ। ਕਿਉਂਕਿ ਪਾਬੰਦੀ ਲੱਗੀ ਹੋਈ ਹੈ ।ਬੱਚਿਆਂ ਨੂੰ ਡਰ ਨਹੀਂ ਰਿਹਾ ਹੈ। ਸਕੂਲ ਮੈਨੇਜਮੈਂਟ ਵੱਲੋਂ ਪ੍ਰਿੰਸੀਪਲ ਨੂੰ ਬਰਖ਼ਾਸਤ ਕਰ ਦਿੱਤਾ ਜਾਂਦਾ ਹੈ। ਕਿਹੋ ਜਿਹਾ ਸਮਾਂ ਆ ਚੁੱਕਿਆ ਹੈ ਕਿ ਜੇ ਬੱਚਾ ਗਲਤੀ ਕਰੇ ਨਾ ਤਾਂ ਮਾਂ ਬਾਪ ਝਿੜਕ ਸਕਦੇ ਹਨ, ਨਾ ਬਾਹਰ ਵਾਲੇ, ਨਾ ਸਕੂਲ ਦਾ ਸਟਾਫ਼ । ਬੱਚੇ ਗਲਤ ਕਦਮ ਬਹੁਤ ਜਲਦੀ ਚੁੱਕ ਰਹੇ ਹਨ। ਖੁਦਕੁਸ਼ੀ, ਆਤਮ ਹੱਤਿਆਵਾਂ ਅਜਿਹੀਆਂ ਖਬਰਾਂ ਅਸੀਂ ਆਮ ਪੜ੍ਹਦੇ ਹਾਂ । ਬੱਚਿਆਂ ਦੀ ਹਰ ਫਰਮਾਇਸ਼ ਮਾਂ ਬਾਪ ਪੂਰੀ ਕਰ ਰਹੇ ਹਨ । ਅੱਧਾ ਕਿਲੋਮੀਟਰ ਵੀ ਪੈਦਲ ਨਹੀਂ ਤੁਰ ਸਕਦੇ ।ਬੱਚਿਆਂ ਨੂੰ ਮਹਿੰਗੇ ਬੁਲੇਟ, ਕਾਰਾਂ ਚਾਹੀਦੀਆਂ ਹਨ, ਚਾਹੇ ਉਹ ਅਜੇ 18 ਸਾਲ ਤੋਂ ਘੱਟ ਉਮਰ ਦੇ ਕਿਉਂ ਨਾ ਹੋਣ। ਅੱਜ ਪੰਜਾਬ ਖਾਲੀ ਹੋ ਰਿਹਾ ਹੈ । ਨੌਜਵਾਨ ਪੀੜੀ ਵਿਦੇਸ਼ਾਂ ਨੂੰ ਜਾ ਰਹੀ ਹੈ । ਹੱਥੀ ਕੰਮ ਕਰਨ ਨੂੰ ਕੋਈ ਵੀ ਤਰਜੀਹ ਨਹੀਂ ਦਿੰਦਾ । ਪ੍ਰਵਾਸੀਆਂ ਨੇ ਪੰਜਾਬ ਵਿੱਚ ਆ ਕੇ ਵਧੀਆ ਸ਼ਹਿਰਾਂ ਵਿੱਚ ਕੋਠੀਆਂ ਬਣਾ ਲਈਆਂ ਹਨ । ਪੂਰਾ ਦਬਦਬਾ ਪ੍ਰਵਾਸੀਆਂ ਦਾ ਇੱਥੇ ਹੋ ਚੁੱਕਾ ਹੈ । ਪੰਜਾਬੀ ਆਪਣੇ ਘਰ ਬਾਰ ਛੱਡ ਕੇ ਪਰਵਾਸੀਆਂ ਦੇ ਹਵਾਲੇ ਕਰਕੇ ਵਿਦੇਸ਼ਾਂ ਨੂੰ ਜਾ ਰਹੇ ਹਨ ।

ਸੰਜੀਵ ਸਿੰਘ ਸੈਣੀ

ਕੁਦਰਤ ਨੇ ਸੋਹਣੀ ਕਾਇਨਾਤ ਦੀ ਸਿਰਜਣਾ ਕੀਤੀ ਹੈ। ਅੱਜ ਅਸੀਂ ਆਪਣੇ ਵਿਰਸੇ ਤੋਂ ਦੂਰ ਹੁੰਦੇ ਜਾ ਰਹੇ ਹਾਂ। ਜੇ ਗੱਲ ਕਰੀਏ 20 ਤੋਂ 25 ਸਾਲ ਪਹਿਲਾਂ ਤਾਂ ਪੰਜਾਬੀ ਸੱਭਿਆਚਾਰ ਨਾਲ ਹਰ ਇਨਸਾਨ ਜੁੜਿਆ ਹੋਇਆ ਸੀ । ਵਿਆਹਾਂ ਵੇਲੇ ਤਰ੍ਹਾਂ ਤਰ੍ਹਾਂ ਦੇ ਰੀਤੀ ਰਿਵਾਜ਼ ਕੀਤੇ ਜਾਂਦੇ ਸਨ । ਘਰ ਵਿੱਚ ਬਜ਼ੁਰਗਾਂ ਦਾ ਬਹੁਤ ਆਦਰ ਮਾਣ ਸਤਿਕਾਰ ਸੀ। ਘਰ ਦੇ ਲਾਣੇਦਾਰ ਨੇ ਜੋ ਕਹਿ ਦਿੱਤਾ ਸਭ ਨੂੰ ਉਸਦਾ ਕਿਹਾ ਮਨਜ਼ੂਰ ਹੁੰਦਾ ਸੀ । ਮਜ਼ਾਲ ਹੈ ! ਜੇ ਕੋਈ ਅੱਗੇ ਤੋਂ ਕਿੰਤੂ ਪ੍ਰੰਤੂ ਵੀ ਕਰ ਦੇਵੇ । ਵੱਡਾ ਪਰਿਵਾਰ ਹੁੰਦਾ ਸੀ । ਕਹਿਣ ਦਾ ਮਤਲਬ ਕਿ ਤਾਏ-ਚਾਚੇ, ਵੱਡੇ ਵੱਡੇ ਟੱਬਰ ਇੱਕ ਹੀ ਛੱਤ ਹੇਠ ਰਹਿੰਦੇ ਸਨ। ਜੇ ਕੋਈ ਜੁਆਕ ਗਲਤੀ ਕਰਦਾ ਸੀ ਤਾਂ ਵੱਡੇ ਮੈਂਬਰ ਵੱਲੋਂ ਝਿੜਕ ਵੀ ਦਿੱਤਾ ਜਾਂਦਾ ਸੀ ਤਾਂ ਉਸਦੇ ਮਾਂ ਬਾਪ ਕੁੱਝ ਵੀ ਨਹੀਂ ਕਹਿੰਦੇ ਸਨ । ਪਿੰਡ ਦੀ ਧੀ ਭੈਣ ਦੀ ਹਰ ਕੋਈ ਇੱਜ਼ਤ ਕਰਦਾ ਸੀ । ਸ਼ਰਾਰਤਾਂ ਕਰਨ ’ਤੇ ਸਕੂਲ ਮਾਸਟਰ ਵੱਲੋਂ ਬੱਚੇ ਦੀ ਚੰਗੀ ਤਰ੍ਹਾਂ ਕੁਟਾਈ ਕੀਤੀ ਜਾਂਦੀ ਸੀ । ਮਾਂ ਬਾਪ ਆਪ ਜਾ ਕੇ ਆਪਣੇ ਸਾਹਮਣੇ ਬੱਚੇ ਨੂੰ ਕੁਟਵਾ ਕੇ ਆਉਂਦੇ ਸਨ । ਸਕੂਲ ਪੜ੍ਹਨ ਵਾਲੇ ਮੁੰਡੇ ਕਿਸੇ ਦੀ ਧੀ ਭੈਣ ਨੂੰ ਗਲਤ ਨਜ਼ਰ ਨਾਲ ਨਹੀਂ ਦੇਖਦੇ ਸਨ। ਬਲਾਤਕਾਰ, ਛੇੜਛਾੜ, ਤੇਜ਼ਾਬੀ ਹਮਲੇ ਅਜਿਹੀਆਂ ਘਿਨੌਣੀਆਂ ਹਰਕਤਾਂ ਤਾਂ ਬਿਲਕੁਲ ਵੀ ਸੁਣਨ ਵਿੱਚ ਵੀ ਨਹੀਂ ਆਉਂਦੀਆਂ ਸਨ। ਜੇ ਕੋਈ ਅਜਿਹੀ ਹਰਕਤ ਵੀ ਕਰ ਦਿੰਦਾ ਸੀ ਵੈਸੇ ਤਾਂ ਪਿੰਡ ਦੇ ਸਰਪੰਚ ਦਾ ਬਹੁਤ ਡਰ ਹੁੰਦਾ ਸੀ, ਉਸ ਪਰਿਵਾਰ ਦਾ ਹੁੱਕਾ ਪਾਣੀ ਤੱਕ ਬੰਦ ਕਰ ਦਿੱਤਾ ਜਾਂਦਾ ਸੀ। ਛੁੱਟੀ ਵਾਲੇ ਦਿਨ ਪੂਰਾ ਪਰਿਵਾਰ ਖੇਤਾਂ ਵਿੱਚ ਜਾ ਕੇ ਆਪ ਕੰਮ ਕਰਦਾ ਸੀ । ਝੋਨਾ ਲਗਾਉਣਾ ਫਸਲਾਂ ਕੱਟਣੀਆਂ, ਪੂਰਾ ਪਰਿਵਾਰ ਇਕੱਠਾ ਹੋ ਕੇ ਫਸਲ ਕੱਟਦਾ ਸੀ । ਘਰ ਦੀਆਂ ਸੁਹਾਣੀਆਂ ਵੱਲੋਂ ਫਿਰ ਰੋਟੀ ਬਣਾ ਕੇ ਆਪ ਖੇਤਾਂ ਵਿੱਚ ਲੈ ਕੇ ਜਾਂਦੀ ਸੀ । ਹੱਥੀ ਕੰਮ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਸੀ। ਪ੍ਰਵਾਸੀ ਮਜ਼ਦੂਰ ਤਾਂ ਬਿਲਕੁਲ ਵੀ ਨਹੀਂ ਹੁੰਦੇ ਸਨ, ਸਗੋਂ ਹੋਰ ਵੀ ਰਿਸ਼ਤੇਦਾਰ ਆ ਕੇ ਕੰਮ ਵਿੱਚ ਹੱਥ ਵਟਾਉਂਦੇ ਸਨ।ਪਹਿਲਾਂ ਘਰ ਕੱਚੇ ਹੁੰਦੇ ਸਨ, ਗਾਰਾ ਲਿਪਿਆ ਜਾਂਦਾ ਸੀ। ਛੱਪਰ ਪਾਏ ਜਾਂਦੇ ਸਨ । ਰਿਸ਼ਤੇਦਾਰ ਆ ਕੇ ਛੱਪਰ ਪਾਉਣ ਵਿੱਚ ਮਦਦ ਕਰਦੇ ਸਨ। ਗੁੜ ਵੰਡਿਆ ਜਾਂਦਾ ਸੀ । ਬਹੁਤ ਆਪਸੀ ਪ੍ਰੀਤ ਪਿਆਰ ਹੁੰਦਾ ਸੀ । ਜਦੋਂ ਕਿਸੇ ਦੇ ਪਰਿਵਾਰ ਵਿੱਚ ਵਿਆਹ ਹੁੰਦਾ ਸੀ ਤਾਂ ਸਾਰਾ ਸ਼ਰੀਕਾ ਹੋਰ ਪਿੰਡ ਵਾਲੇ ਲੋਕ ਆ ਕੇ ਭੱਠੀ ਚੜ੍ਹਾਉਣ ਵਿੱਚ ਮਦਦ ਕਰਦੇ ਸਨ । ਨਕਾਰਾਤਮਕ ਸੋਚ ਬਿਲਕੁਲ ਵੀ ਨਹੀਂ ਹੁੰਦੀ ਸੀ । ਕਹਿਣ ਦਾ ਮਤਲਬ ਕਿ ਲੋਕ ਸਿੱਧੇ ਸਾਦੇ ਹੁੰਦੇ ਸਨ। ਜੇ ਕਿਸੇ ਪਰਿਵਾਰ ਵਿੱਚ ਕੋਈ ਅਣਸੁਖਾਵੀਂ ਘਟਨਾ ਵਾਪਰ ਵੀ ਜਾਂਦੀ ਸੀ ਤਾਂ ਸਾਰੇ ਲੋਕ ਉਸ ਪਰਿਵਾਰ ਦਾ ਦੁੱਖ ਵੰਡਾਉਂਦੇ ਸਨ। ਬਜ਼ੁਰਗਾਂ ਦਾ ਬਹੁਤ ਸਤਿਕਾਰ ਹੁੰਦਾ ਸੀ। ਕੋਈ ਨਸ਼ਾ ਨਹੀਂ ਕਰਦਾ ਸੀ ।ਸਿੰਥੈਟਿਕ ਨਸ਼ਾ ਬਿਲਕੁਲ ਵੀ ਨਹੀਂ ਸੀ । ਦਿਖਾਵਾ ਬਿਲਕੁਲ ਵੀ ਨਹੀਂ ਸੀ। ਕਿਸਾਨ ਖੁਦਕੁਸ਼ੀ ਬਿਲਕੁਲ ਵੀ ਨਹੀਂ ਕਰਦੇ ਸਨ । ਕੋਈ ਬੈਂਕਾਂ ਤੋਂ ਕਰਜ਼ਾ ਨਹੀਂ ਲੈਂਦਾ ਸੀ । ਸਾਦਗੀ ਭਰਿਆ ਜੀਵਨ ਸੀ । ਘਰ ਦੀਆਂ ਬਣੀਆਂ ਚੀਜ਼ਾਂ ਨੂੰ ਤਰਜੀਹ ਦਿੱਤੀ ਜਾਂਦੀ ਸੀ । ਪੌਣ ਪਾਣੀ ਖਾਣ ਪੀਣ ਸਭ ਕੁਝ ਸ਼ੁੱਧ ਸੀ । ਲੋਕ ਬਹੁਤ ਘੱਟ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਸਨ।

ਜ਼ਮਾਨਾ ਬਦਲਿਆ । ਸੋਸ਼ਲ ਨੈਟਵਰਕਿੰਗ ਦਾ ਯੁੱਗ ਆ ਗਿਆ। ਵਿਗਿਆਨ ਨੇ ਬਹੁਤ ਤਰੱਕੀ ਕਰ ਲਈ। ਚੰਨ ’ਤੇ ਭਾਰਤ ਦੇ ਕਦਮ ਪੁੱਜ ਗਏ ਹਨ। ਜਿੰਨੀ ਅੱਜ ਦੀ ਜ਼ਿੰਦਗੀ ਆਰਾਮਦਾਇਕ ਹੋ ਚੁੱਕੀ ਹੈ, ਉਨਾਂ ਹੀ ਮਨੁੱਖੀ ਸ਼ਰੀਰ ਬਿਮਾਰੀਆਂ ਨਾਲ ਘਿਰ ਗਿਆ ਹੈ। ਜੋ ਅੱਜ ਕੱਲ ਦੀ ਪੀੜੀ ਹੈ, ਉਸ ਨੂੰ ਮੋਬਾਇਲ ਸੋਸ਼ਲ, ਨੈਟਵਰਕਿੰਗ ਸਾਈਟਸ ਦਾ ਬਹੁਤ ਜ਼ਿਆਦਾ ਲਗਾਵ ਹੋ ਚੁੱਕਾ ਹੈ। ਬੱਚੇ ਅੱਜ ਕੱਲ ਸਾਰਾ ਸਮਾਂ ਮੋਬਾਇਲ ’ਤੇ ਹੀ ਗੁਆ ਰਹੇ ਹਨ । ਦੇਖਦੇ ਹੀ ਹਾਂ ਕਿ ਛੋਟੀ ਉਮਰ ਦੇ ਬੱਚਿਆਂ ਨੂੰ ਐਨਕਾਂ ਤੱਕ ਲੱਗ ਚੁਕੀਆਂ ਹਨ । ਕਹਿਣ ਦਾ ਜ਼ਮਾਨਾ ਬਿਲਕੁਲ ਵੀ ਨਹੀਂ ਰਿਹਾ ਹੈ। ਮਾਂ ਬਾਪ ਨੂੰ ਧਮਕੀਆਂ ਦਿੰਦੇ ਹਨ । ਜੇ ਬੱਚੇ ਸਕੂਲ ਵਿੱਚ ਕੰਮ ਕਰਕੇ ਨਹੀਂ ਜਾਂਦੇ ਹਨ ਜਾਂ ਕਲਾਸ ਵਿੱਚ ਕੋਈ ਅਜਿਹੀ ਹਰਕਤ ਕਰ ਦਿੰਦੇ ਹਨ। ਸਕੂਲ ਦਾ ਮਾਸਟਰ, ਪ੍ਰਿੰਸੀਪਲ ਬੱਚਿਆਂ ਨੂੰ ਬਿਲਕੁਲ ਵੀ ਨਹੀਂ ਝਿੜਕਦਾ ਹੈ। ਕਿਉਂਕਿ ਪਾਬੰਦੀ ਲੱਗੀ ਹੋਈ ਹੈ ।ਬੱਚਿਆਂ ਨੂੰ ਡਰ ਨਹੀਂ ਰਿਹਾ ਹੈ। ਸਕੂਲ ਮੈਨੇਜਮੈਂਟ ਵੱਲੋਂ ਪ੍ਰਿੰਸੀਪਲ ਨੂੰ ਬਰਖ਼ਾਸਤ ਕਰ ਦਿੱਤਾ ਜਾਂਦਾ ਹੈ। ਕਿਹੋ ਜਿਹਾ ਸਮਾਂ ਆ ਚੁੱਕਿਆ ਹੈ ਕਿ ਜੇ ਬੱਚਾ ਗਲਤੀ ਕਰੇ ਨਾ ਤਾਂ ਮਾਂ ਬਾਪ ਝਿੜਕ ਸਕਦੇ ਹਨ, ਨਾ ਬਾਹਰ ਵਾਲੇ, ਨਾ ਸਕੂਲ ਦਾ ਸਟਾਫ਼ । ਬੱਚੇ ਗਲਤ ਕਦਮ ਬਹੁਤ ਜਲਦੀ ਚੁੱਕ ਰਹੇ ਹਨ। ਖੁਦਕੁਸ਼ੀ, ਆਤਮ ਹੱਤਿਆਵਾਂ ਅਜਿਹੀਆਂ ਖਬਰਾਂ ਅਸੀਂ ਆਮ ਪੜ੍ਹਦੇ ਹਾਂ । ਬੱਚਿਆਂ ਦੀ ਹਰ ਫਰਮਾਇਸ਼ ਮਾਂ ਬਾਪ ਪੂਰੀ ਕਰ ਰਹੇ ਹਨ । ਅੱਧਾ ਕਿਲੋਮੀਟਰ ਵੀ ਪੈਦਲ ਨਹੀਂ ਤੁਰ ਸਕਦੇ ।ਬੱਚਿਆਂ ਨੂੰ ਮਹਿੰਗੇ ਬੁਲੇਟ, ਕਾਰਾਂ ਚਾਹੀਦੀਆਂ ਹਨ, ਚਾਹੇ ਉਹ ਅਜੇ 18 ਸਾਲ ਤੋਂ ਘੱਟ ਉਮਰ ਦੇ ਕਿਉਂ ਨਾ ਹੋਣ । ਅੱਜ ਪੰਜਾਬ ਖਾਲੀ ਹੋ ਰਿਹਾ ਹੈ । ਨੌਜਵਾਨ ਪੀੜੀ ਵਿਦੇਸ਼ਾਂ ਨੂੰ ਜਾ ਰਹੀ ਹੈ । ਹੱਥੀ ਕੰਮ ਕਰਨ ਨੂੰ ਕੋਈ ਵੀ ਤਰਜੀਹ ਨਹੀਂ ਦਿੰਦਾ। ਪ੍ਰਵਾਸੀਆਂ ਨੇ ਪੰਜਾਬ ਵਿੱਚ ਆ ਕੇ ਵਧੀਆ ਸ਼ਹਿਰਾਂ ਵਿੱਚ ਕੋਠੀਆਂ ਬਣਾ ਲਈਆਂ ਹਨ । ਪੂਰਾ ਦਬਦਬਾ ਪ੍ਰਵਾਸੀਆਂ ਦਾ ਇੱਥੇ ਹੋ ਚੁੱਕਾ ਹੈ । ਪੰਜਾਬੀ ਆਪਣੇ ਘਰ ਬਾਰ ਛੱਡ ਕੇ ਪਰਵਾਸੀਆਂ ਦੇ ਹਵਾਲੇ ਕਰਕੇ ਵਿਦੇਸ਼ਾਂ ਨੂੰ ਜਾ ਰਹੇ ਹਨ ।

ਨੌਜਵਾਨ ਪੀੜ੍ਹੀ ਨਸ਼ਿਆਂ ਨਾਲ ਪ੍ਰਭਾਵਿਤ ਹੈ । ਹਰ ਰੋਜ਼ ਦੋ ਜਾਂ ਤਿੰਨ ਨੌਜਵਾਨ ਚਿੱਟੇ ਦੀ ਓਵਰਡੋਜ਼ ਦਾ ਸ਼ਿਕਾਰ ਹੋ ਰਹੇ ਹਨ। ਸਰਿੰਜਾਂ ਲਗਾ ਰਹੇ ਹਨ ।ਪਿੱਛੇ ਜਿਹੇ ਖਬਰ ਵੀ ਪੜ੍ਹੀ ਕਿ 14 ਦਿਨਾਂ ਵਿੱਚ 14 ਨੌਜਵਾਨ ਚਿੱਟੇ ਦੀ ਭੇਟ ਚੜ੍ਹੇ। ਕੁੜੀਆਂ ਵੀ ਹੁਣ ਚਿੱਟੇ ਦੀ ਸ਼ੌਕੀਨ ਹੋ ਚੁੱਕੀਆਂ ਹਨ । ਨਸ਼ੇ ਨੇ ਪੰਜਾਬ ਦੀ ਜਵਾਨੀ ਖ਼ਤਮ ਕਰ ਦਿੱਤੀ ਹੈ । ਅੱਜ ਲੋਕਾਂ ਵਿੱਚ ਇਨ੍ਹਾਂ ਦਿਖਾਵਾ ਵੱਧ ਗਿਆ ਹੈ ਕਿ ਆਪਣੇ ਆਪ ਨੂੰ ਕਿਸੇ ਨਾਲੋਂ ਘੱਟ ਨਹੀਂ ਸਮਝਦਾ। ਬੈਂਕਾਂ ਤੋਂ ਕਰਜ਼ਾ ਚੁੱਕ ਕੇ ਆਪਣਾ ਸਮਾਜ ਵਿੱਚ ਇੱਕ ਰੁਤਬਾ ਬਣਾ ਰਿਹਾ ਹੈ । ਕਈ ਵਾਰ ਹਾਲਾਤ ਇੰਨੇ ਮਾੜੇ ਹੋ ਜਾਂਦੇ ਹਨ ਕਿ ਬੈਂਕਾਂ ਦਾ ਉਹ ਕਰਜ਼ਾ ਨਹੀਂ ਉਤਰਦਾ। ਹਾਰ ਕੇ ਉਸ ਬੰਦੇ ਨੂੰ ਫਿਰ ਸਲਫ਼ਾਸ ਖਾਣੀ ਪੈ ਜਾਂਦੀ ਹੈ। ਜਿੰਨਾ ਵੀ ਤੁਹਾਡੇ ਕੋਲ ਹੈ ਉਸ ਵਿੱਚ ਸਬਰ ਸੰਤੋਖ ਰੱਖੋ।‘ਥੋੜਾ ਖਾ ਲਓ’,ਪਰ ਕਿਸੇ ਦਾ ਕਰਜ਼ਾ ਨਾ ਚੁੱਕੋ । ਲੱਖਾਂ ਰੁਪਏ ਵਿਆਹਾਂ ਤੇ ਪਾਣੀ ਦੀ ਤਰ੍ਹਾਂ ਵਹਾ ਦਿੱਤਾ ਜਾਂਦਾ ਹੈ ।

ਅੱਜ ਬਜ਼ੁਰਗਾਂ ਦੀ ਇੰਨੀ ਬੇਕਦਰੀ ਹੋ ਚੁੱਕੀ ਹੈ ਕਿ ਉਨ੍ਹਾਂ ਨੂੰ ਘਰ ਵਿੱਚ ਰਹਿਣ ਲਈ ਥਾਂ ਤੱਕ ਨਹੀਂ ਹੈ। ਪੈਨਸ਼ਨਰਾਂ ਬਜ਼ੁਰਗਾਂ ਦਾ ਬਹੁਤ ਬੁਰਾ ਹਾਲ ਹੈ। ਹਰ ਰੋਜ਼ ਪ੍ਰਸ਼ਾਸਨਿਕ ਅਧਿਕਾਰੀ ਜਾਂ ਮਹਿਲਾ ਕਮਿਸ਼ਨ ਦੇ ਦਫ਼ਤਰ ਬਜ਼ੁਰਗ ਆਪਣੀ ਸ਼ਿਕਾਇਤਾਂ ਲੈ ਕੇ ਲਗਾਤਾਰ ਜਾ ਰਹੇ ਹਨ। ਜੋ ਬਜ਼ੁਰਗ ਘਰ ਦੇ ਜਿੰਦਰੇ ਹੁੰਦੇ ਸਨ, ਅੱਜ ਉਹਨਾਂ ਨੂੰ ਬਿਰਧ ਆਸ਼ਰਮਾਂ ਵਿੱਚ ਜ਼ਿੰਦਗੀ ਕੱਟਣੀ ਪੈ ਰਹੀ ਹੈ। ਅਸੀਂ ਆਉਣ ਵਾਲੀ ਪੀੜੀਆਂ ਨੂੰ ਕਿ ਦੇ ਰਹੇ ਹਾਂ। ਅੱਜ ਪੈਸੇ ਦੀ ਹੋੜ ਕਾਰਨ ਵਾਤਾਵਰਨ ਪ੍ਰਦੂਸ਼ਿਤ ਕਰ ਦਿੱਤਾ ਹੈ। ਜੰਗਲਾਂ ਨੂੰ ਕੱਟ ਕੇ ਅਸਮਾਨ ਲੱਗਦੇ ਫਲੈਟ ਉਸਾਰ ਦਿੱਤੇ ਗਏ ਹਨ । ਮਿਲਾਵਟ ਦਾ ਬਹੁਤ ਜ਼ਿਆਦਾ ਬੋਲ ਬਾਲਾ ਹੈ। ਪੌਣ ਪਾਣੀ , ਖਾਣਾ ਪੀਣਾ ਸਭ ਕੁਝ ਪ੍ਰਦੂਸ਼ਿਤ ਹੋ ਚੁੱਕਾ ਹੈ। ਲੋਕ ਨਾਮੁਰਾਦ ਬਿਮਾਰੀਆਂ ਦਾ ਸ਼ਿਕਾਰ ਹੋ ਗਏ ਹਨ। ਛੋਟੀ ਛੋਟੀ ਉਮਰ ਦੇ ਬੱਚੇ ਭਿਆਨਕ ਬਿਮਾਰੀਆਂ ਦੀ ਚਪੇਟ ਵਿੱਚ ਹਨ । ਅਸੀਂ ਜੇ ਹੁਣ ਵੀ ਨਹੀਂ ਸੰਭਲੇ ਤਾਂ ਆਉਣ ਵਾਲਾ ਸਮਾਂ ਸਾਡੇ ਲਈ ਸਹੀ ਨਹੀਂ ਹੋਵੇਗਾ । ਅਸੀਂ ਆਪਣੇ ਕਦਮ ਵਿਨਾਸ਼ ਦੀ ਤਰਫ਼ ਪੱਟ ਲਏ ਹਨ । ਆਪਣੇ ਫਰਜ਼ਾਂ ਨੂੰ ਚੰਗੀ ਤਰ੍ਹਾਂ ਭੁੱਲ ਚੁੱਕੇ ਹਾਂ । ਡੁੱਲੇ ਬੇਰਾਂ ਦਾ ਅਜੇ ਵੀ ਕੁੱਝ ਨਹੀਂ ਵਿਗੜਿਆ। ਸੰਭਲਣ ਦਾ ਵੇਲਾ ਹੈ।

ਔਰਤ ਦਾ ਅਸਲੀ ਗਹਿਣਾ ਸਹਿਣਸ਼ੀਲਤਾ

➢ ਗੁਰਬਚਨ ਕੌਰ ਦੂਆ

> ਜਿਨ੍ਹਾਂ ਆਸਰੇ ਸਮਾਜ ਮਜ਼ਬੂਤ ਹੈ ਪਰ ਫਿਰ ਵੀ ਇੰਜ ਲਗਦਾ ਹੈ ਕਿ ਨਾਰੀ ਸਮਾਜ ਦੀ ਜਣਨੀ ਹੋਣ ਕਰਕੇ ਸੁਖਾਵੇਂ ਸਮਾਜ ਦੀ ਸਿਰਜਣਾ ਲਈ ਵਧੇਰੇ ਜ਼ਿੰਮੇਵਾਰ ਹੈ। ਇਹ ਜ਼ਿੰਮੇਵਾਰੀ ਤਾਂ ਹੀ ਨਿਭਾਈ ਜਾ ਸਕਦੀ ਹੈ ਜੇ ਔਰਤ ਸਹਿਣਸ਼ੀਲ ਹੋਵੇ।

ਸਹਿਣਸ਼ੀਲਤਾ ਇਕ ਅਜਿਹਾ ਸ਼ਬਦ ਹੈ, ਜਿਸ ਬਾਰੇ ਮਨ ਵਿਚ ਕੁਝ ਸੋਚਦੇ ਹਾਂ ਤਾਂ ਠੰਢਕ ਜਿਹੀ ਮਹਿਸੂਸ ਹੁੰਦੀ ਹੈ। ਇਹ ਇਕ ਉੱਤਮ ਨੈਤਿਕ ਗੁਣ ਹੈ। ਇਸ ਦਾ ਭਾਵ ਹੈ ਕਿਸੇ ਗੱਲ ਨੂੰ ਸਹਾਰਨ ਦੀ ਸ਼ਕਤੀ। ਅੱਜ ਸਾਡੇ ਨਿੱਕੇ-ਮੋਟੇ ਝਗੜਿਆਂ ਦਾ ਕਾਰਨ ਸ਼ਾਇਦ ਇਹੀ ਹੈ ਕਿ ਸਾਡੇ ਅੰਦਰ ਸਹਾਰਨ ਸ਼ਕਤੀ ਘਟ ਗਈ ਹੈ। ਅਸੀਂ ਆਪਣੇ-ਆਪ ਨੂੰ ਉੱਚਾ ਸਮਝਦੇ ਹਾਂ। ਹਉਮੈ ਤੇ ਹੰਕਾਰ ਨੇ ਮਨੁੱਖੀ ਮਨਾਂ ਨੂੰ ਕੁਰਾਹੇ ਪਾ ਦਿੱਤਾ ਹੈ। ਨਿਮਰਤਾ ਤੇ ਮਿਠਾਸ ਦੂਰ ਦੀ ਗੱਲ ਹੋ ਗਈ ਹੈ।

ਸਹਿਣਸ਼ੀਲਤਾ ਪੁਰਸ਼ ਅਤੇ ਨਾਰੀ ਦੋਵਾਂ ਲਈ ਬਹੁਤ ਜ਼ਰੂਰੀ ਹੈ। ਦੋਵੇਂ ਸਮਾਜ ਦੇ ਥੰਮ੍ਹ ਹਨ, ਜਿਨ੍ਹਾਂ ਆਸਰੇ ਸਮਾਜ ਮਜ਼ਬੂਤ ਹੈ ਪਰ ਫਿਰ ਵੀ ਇੰਜ ਲਗਦਾ ਹੈ ਕਿ ਨਾਰੀ ਸਮਾਜ ਦੀ ਜਣਨੀ ਹੋਣ ਕਰਕੇ ਸੁਖਾਵੇਂ ਸਮਾਜ ਦੀ ਸਿਰਜਣਾ ਲਈ ਵਧੇਰੇ ਜ਼ਿੰਮੇਵਾਰ ਹੈ। ਇਹ ਜ਼ਿੰਮੇਵਾਰੀ ਤਾਂ ਹੀ ਨਿਭਾਈ ਜਾ ਸਕਦੀ ਹੈ ਜੇ ਔਰਤ ਸਹਿਣਸ਼ੀਲ ਹੋਵੇ। ਔਰਤ ਘਰ ਦੀ ਨੀਂਹ ਵੀ ਹੈ। ਸਬਰ, ਸੰਤੋਖ, ਪਿਆਰ, ਮੁਹੱਬਤ ਅਜਿਹੇ ਗੁਣ ਹਨ, ਜੋ ਇਸ ਨੂੰ ਸਹਿਣਸ਼ੀਲ ਬਣਾਉਂਦੇ ਹਨ।

ਇਕਹਿਰੀ ਪਰਿਵਾਰ ਪ੍ਰਣਾਲੀ ਦਾ ਪ੍ਰਚਲਨ ਅਸਹਿਣਸ਼ੀਲਤਾ ਕਰਕੇ ਹੈ। ਪਰਿਵਾਰਕ ਜੀਅ ਇਕ-ਦੂਜੇ ਦੀ ਗੱਲ ਸੁਣ ਕੇ ਰਾਜ਼ੀ ਨਹੀਂ। ਪੈਸੇ ਦੀ ਅੰਨ੍ਹੀ ਦੌੜ ਲੱਗੀ ਹੋਈ ਹੈ।

ਬਜ਼ੁਰਗਾਂ ਵਲੋਂ ਦਿੱਤੀਆਂ ਸਿੱਖਿਆਵਾਂ ਨੂੰ ਜਵਾਨ ਪੀੜ੍ਹੀ ਬਰਦਾਸ਼ਤ ਨਹੀਂ ਕਰਦੀ। ਬੱਚਿਆਂ ਨੂੰ ਆਪਣੇ ਪੜ੍ਹੇ-ਲਿਖੇ ਹੋਣ ਤੇ ਨਵੀਂ ਤਕਨੀਕ ਤੋਂ ਜਾਣੂ ਹੋਣ ਦਾ ਮਾਣ ਹੈ। ਟੋਕਾ-ਟਾਕੀ ਬਿਲਕੁਲ ਪਸੰਦ ਨਹੀਂ। ਮਾਪੇ ਟੋਕਾ-ਟਾਕੀ ਨਹੀਂ ਕਰਦੇ, ਸਗੋਂ ਚੰਗੀਆਂ ਨੈਤਿਕ ਕਦਰਾਂ-ਕੀਮਤਾਂ ਤੋਂ ਜਾਣੂ ਕਰਾਉਂਦੇ ਹਨ। ਮਾਂ, ਭੈਣ, ਪਤਨੀ, ਔਰਤ ਦੇ ਵੱਖ-ਵੱਖ ਰੂਪ ਹਨ। ਇਨ੍ਹਾਂ ਸਾਰੇ ਰੂਪਾਂ ਵਿਚ ਹੀ ਔਰਤ ਸਹਿਜਤਾ ਨਾਲ, ਠਰ੍ਹੰਮੇ ਨਾਲ ਘਰ-ਪਰਿਵਾਰ ਚਲਾਉਣ ਦਾ ਯਤਨ ਕਰਦੀ ਹੈ। ਔਰਤ ਨੂੰ ਪਰਮਾਤਮਾ ਦੀ ਸਭ ਤੋਂ ਖੂਬਸੂਰਤ ਰਚਨਾ ਮੰਨਿਆ ਗਿਆ ਹੈ। ਇਹ ਇਕ ਵੱਡੀ ਸ਼ਕਤੀ ਵੀ ਹੈ ਤੇ ਕੋਮਲ-ਭਾਵੀ ਵੀ ਹੈ। ਬੱਚੇ ਨੂੰ ਜਨਮ ਦੇਣਾ, ਪਾਲਣਾ, ਆਪ ਭੁੱਖੇ ਰਹਿ ਕੇ ਬੱਚੇ ਦਾ ਢਿੱਡ ਭਰਨਾ, ਗਿੱਲੇ 'ਤੇ ਸੌਂ ਕੇ ਸੁੱਕੇ ਥਾਂ ਬੱਚੇ ਨੂੰ ਪਾਉਣਾ, ਬਜ਼ੁਰਗ ਮਾਂ-ਬਾਪ, ਸੱਸ-ਸਹੁਰੇ ਦੀ ਸੇਵਾ ਕਰਨੀ, ਵੱਡਿਆਂ ਅੱਗੇ ਸਖਤ ਸ਼ਬਦ ਨਾ ਬੋਲਣਾ ਬਹੁਤ ਸਾਰੀਆਂ ਸਹਿਣਸ਼ੀਲ ਔਰਤਾਂ ਦੇ ਹਿੱਸੇ ਆਉਂਦਾ ਹੈ। ਅਜਿਹੇ ਘਰਾਂ ਵਿਚ ਕਲੇਸ਼ ਨਹੀਂ ਹੁੰਦਾ। ਸੁਖ-ਸ਼ਾਂਤੀ ਰਹਿੰਦੀ ਹੈ। ਘਰ-ਪਰਿਵਾਰ ਉਨਤੀ ਦੇ ਰਾਹ ਤੁਰਦੇ ਹਨ। ਜੀਵਨ ਖੁਸ਼ਹਾਲ ਤੇ ਸੁਖਾਵਾਂ ਬਣਦਾ ਹੈ। ਅਸਹਿਣਸ਼ੀਲ ਔਰਤਾਂ ਦੇ ਘਰਾਂ ਵਿਚ ਸੁਖ-ਚੈਨ ਨਹੀਂ ਹੁੰਦਾ। ਪਰਿਵਾਰਕ ਮਾਹੌਲ ਕਦੇ ਸੁਖਾਵਾਂ ਨਹੀਂ ਰਹਿੰਦਾ। 'ਕਲਾ ਕਲੇਸ਼ ਵੱਸੇ ਤੇ ਘੜਿਓਂ ਪਾਣੀ ਨੱਸੇ' ਵਾਲੀ ਗੱਲ ਹੋ ਨਿਬੜਦੀ ਹੈ।

ਜੇ ਔਰਤ ਸਹਿਣਸ਼ੀਲਤਾ ਦਾ ਪੱਲਾ ਫੜਨਾ ਚਾਹੁੰਦੀ ਹੈ ਤਾਂ ਆਪਣੀ ਸਰੀਰਕ ਤੇ ਮਾਨਸਿਕ ਸਿਹਤ ਦਾ ਖਿਆਲ ਰੱਖੇ। ਬਿਮਾਰ ਤੇ ਦੁਖੀ ਇਨਸਾਨ ਬਹੁਤਾ ਸਹਿਣਸ਼ੀਲ ਨਹੀਂ ਰਹਿ ਸਕਦਾ। ਚੰਗਾ ਭੋਜਨ, ਨਿਯਮਤ ਕਸਰਤ ਮਾਨਸਿਕ ਤੇ ਸਰੀਰਕ ਸਿਹਤ ਲਈ ਬਹੁਤ ਉਪਯੋਗੀ ਹਨ। ਖੁਸ਼ ਰਹਿਣ ਨਾਲ ਸ਼ਖ਼ਸੀਅਤ ਨੂੰ ਚਾਰ ਚੰਨ ਲਗਦੇ ਹਨ। ਪਰਿਵਾਰ ਵਿਚ ਖੁਸ਼ੀਆਂ ਤੇ ਖੇੜਿਆਂ ਦਾ ਨਿਵਾਸ ਹੁੰਦਾ ਹੈ। ਸਹਿਣਸ਼ੀਲਤਾ ਦਾ ਗੁਣ ਧਾਰਨ ਲਈ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਦੂਰੀ ਬਣਾਉਣੀ ਜ਼ਰੂਰੀ ਹੈ।

ਪਰਮਾਤਮਾ ਨੇ ਔਰਤ ਨੂੰ ਬਹੁਤ ਵੱਡਾ ਦਿਲ ਦਿੱਤਾ ਹੈ। ਹਰ ਤਰ੍ਹਾਂ ਦਾ ਦੁੱਖ-ਸੁੱਖ ਸਹਾਰਨ ਦੀ ਸ਼ਕਤੀ ਦਿੱਤੀ ਹੈ। ਸਹਿਣਸ਼ੀਲਤਾ ਦਾ ਭਾਵ ਸਭ ਕੁਝ ਮਾੜਾ-ਚੰਗਾ ਸਹਾਰਨਾ ਹੀ ਨਹੀਂ, ਆਪਣੇ ਹੱਕਾਂ ਦੀ ਰਾਖੀ ਕਰਨੀ, ਖੁਦ ਲਈ ਜਿਊਣਾ ਵੀ ਹੈ, ਤਾਂ ਹੀ ਸਹਿਣਸ਼ੀਲਤਾ ਨੂੰ ਔਰਤ ਦਾ ਗਹਿਣਾ ਮੰਨਿਆ ਜਾ ਸਕਦਾ ਹੈ।

ਬੱਚਿਆਂ ਦੇ ਜਜ਼ਬਾਤਾਂ ਦੀ ਕਦਰ ਕਰੋ

-ਪ੍ਰਿੰਸ ਅਰੋੜਾ

ਬੱਚੇ ਕੱਚੀ ਮਿੱਟੀ ਦੀ ਤਰ੍ਹਾਂ ਹੁੰਦੇ ਹਨ। ਉਨ੍ਹਾਂ ਨੂੰ ਮਾਪੇ ਜਿਸ ਤਰ੍ਹਾਂ ਦਾ ਰੂਪ ਦੇਣਾ ਚਾਹੁਣ, ਦੇ ਸਕਦੇ ਹਨ। ਹਰ ਇਨਸਾਨ ਦੀ ਇਹ ਦਿਲੀ ਤਮੰਨਾ ਹੁੰਦੀ ਹੈ ਕਿ ਉਸ ਦੇ ਬੱਚੇ ਜ਼ਿੰਦਗੀ ਵਿਚ ਵਧੀਆ ਇਨਸਾਨ ਬਣਨ ਅਤੇ ਕਾਮਯਾਬੀ ਉਨ੍ਹਾਂ ਦੇ ਕਦਮ ਚੁੰਮੇ। ਕਈ ਵਾਰ ਮਾਪੇ ਆਪਣੇ ਬੱਚਿਆਂ ਤੋਂ ਉਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਦੀ ਆਸ ਰੱਖ ਲੈਂਦੇ ਹਨ, ਜੋ ਸਪਨੇ ਉਹ ਖੁਦ ਕਿਸੇ ਕਾਰਨ ਪੂਰੇ ਨਹੀਂ ਕਰ ਸਕੇ ਸਨ। ਸਾਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਹਰ ਇਕ ਇਨਸਾਨ ਦਾ ਸੋਚਣ, ਸਮਝਣ ਅਤੇ ਜ਼ਿੰਦਗੀ ਜਿਊਣ ਦਾ ਨਜ਼ਰੀਆ ਵੱਖਰਾ ਹੁੰਦਾ ਹੈ ਅਤੇ ਇਹ ਜ਼ਰੂਰੀ ਨਹੀਂ ਕਿ ਜੋ ਮਾਪਿਆਂ ਨੂੰ ਪਸੰਦ ਹੋਵੇ, ਉਹ ਹੀ ਬੱਚਿਆਂ ਨੂੰ ਵੀ ਪਸੰਦ ਆਵੇ। ਜ਼ਿਆਦਾਤਰ ਮਾਪੇ ਆਪਣੇ ਬੱਚਿਆਂ ਨੂੰ ਆਪਣੀ ਮਰਜ਼ੀ ਦੇ ਵਿਸ਼ੇ ਪੜ੍ਹਨ, ਰੁਜ਼ਗਾਰ ਚੁਣਨ ਅਤੇ ਆਪਣੀ ਮਰਜ਼ੀ ਦੇ ਕੰਮ ਕਰਨ ਲਈ ਮਜਬੂਰ ਕਰਦੇ ਹਨ, ਜਿਸ ਦੇ ਨਤੀਜੇ ਵਿਚ ਬੱਚੇ ਵਧੀਆ ਨਹੀਂ ਕਰ ਪਾਉਂਦੇ, ਕਿਉਂਕਿ ਉਨ੍ਹਾਂ ਦੀ ਦਿਲਚਸਪੀ ਉਸ ਕੰਮ ਵਿਚ ਨਹੀਂ ਹੁੰਦੀ। ਕਈ ਵਾਰ ਮਾਪੇ ਦੂਜੇ ਬੱਚਿਆਂ ਦੀ ਤਰੱਕੀ ਨੂੰ ਦੇਖ ਕੇ ਆਪਣੇ ਬੱਚਿਆਂ ਨੂੰ ਬੁਰਾ-ਭਲਾ ਕਹਿੰਦੇ ਹਨ, ਜਿਸ ਦਾ ਉਨ੍ਹਾਂ ਦੇ ਕੋਮਲ ਮਨ ਉੱਤੇ ਬੁਰਾ ਅਸਰ ਪੈਂਦਾ ਹੈ।

ਇਹ ਇਕ ਸੱਚਾਈ ਹੈ ਕਿ ਕੋਈ ਵੀ ਦੋ ਬੱਚੇ ਇਕੋ ਪ੍ਰਕਾਰ ਦੇ ਨਹੀਂ ਹੁੰਦੇ, ਫਿਰ ਭਾਵੇਂ ਉਹ ਸਕੇ ਭੈਣ-ਭਰਾ ਹੀ ਕਿਉਂ ਨਾ ਹੋਣ। ਹਰ ਇਕ ਦੀ ਕੰਮ ਕਰਨ ਦੀ ਆਪਣੀ ਤਾਕਤ ਹੁੰਦੀ ਹੈ। ਸਾਨੂੰ ਆਪਣੇ ਬੱਚਿਆਂ ਦੇ ਜਜ਼ਬਾਤਾਂ ਦੀ ਕਦਰ ਕਰਨੀ ਚਾਹੀਦੀ ਹੈ, ਤਾਂ ਜੋ ਉਹ ਆਪਣੀ ਜ਼ਿੰਦਗੀ ਵਿਚ ਸਫ਼ਲਤਾ ਪ੍ਰਾਪਤ ਕਰ ਸਕਣ। ਬੱਚੇ ਕਿਸੇ ਵੀ ਪਰਿਵਾਰ ਲਈ ਖੁਸ਼ੀਆਂ ਦਾ ਖਜ਼ਾਨਾ ਹੁੰਦੇ ਹਨ। ਮਾਪੇ ਜਦ ਕੰਮ ਤੋਂ ਥੱਕ-ਟੁੱਟ ਕੇ ਘਰ ਆਉਂਦੇ ਹਨ ਤਾਂ ਬੱਚਿਆਂ ਦੇ ਹੱਸਦੇ ਚਿਹਰੇ ਦੇਖ ਕੇ ਉਨ੍ਹਾਂ ਦੀ ਥਕਾਵਟ ਉੱਤਰ ਜਾਂਦੀ ਹੈ।

ਮਾਪਿਆਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਰੁਝੇਵਿਆਂ ਵਿਚੋਂ ਕੁਝ ਸਮਾਂ ਜ਼ਰੂਰ ਆਪਣੇ ਬੱਚਿਆਂ ਨਾਲ ਬਿਤਾਉਣ। ਨਾਲੋ-ਨਾਲ ਮਾਪਿਆਂ ਨੂੰ ਆਪਣੇ ਫੈਸਲੇ ਆਪਣੇ ਬੱਚਿਆਂ ਉੱਤੇ ਥੋਪਣੇ ਨਹੀਂ ਚਾਹੀਦੇ, ਸਗੋਂ ਬੱਚਿਆਂ ਦੀ ਦਿਲਚਸਪੀ ਅਨੁਸਾਰ ਉਨ੍ਹਾਂ ਨੂੰ ਕੰਮ ਕਰਨ ਦੇਣਾ ਚਾਹੀਦਾ ਹੈ, ਤਾਂ ਜੋ ਉਹ ਜ਼ਿੰਦਗੀ ਵਿਚ ਕੁਝ ਵਧੀਆ ਪ੍ਰਾਪਤੀ ਕਰ ਸਕਣ। ਜ਼ਿਆਦਾਤਰ ਬੱਚੇ ਘਰ ਵਿਚ ਸ਼ਰਾਰਤਾਂ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਦੀਆਂ ਹਰਕਤਾਂ ਦੇਖ ਕੇ ਕਈ ਵਾਰ ਮਾਪਿਆਂ ਨੂੰ ਗੁੱਸਾ ਵੀ ਆਉਂਦਾ ਹੈ ਪਰ ਕਈ ਵਾਰ ਮਾਪੇ ਬੱਚਿਆਂ ਉੱਤੇ ਲੋੜ ਤੋਂ ਵੱਧ ਸਖਤੀ ਵਿਖਾਉਂਦੇ ਹਨ, ਜਿਸ ਨਾਲ ਬੱਚਿਆਂ ਦਾ ਮਨ ਟੁੱਟ ਜਾਂਦਾ ਹੈ ਅਤੇ ਉਹ ਚਿੜਚਿੜੇ ਹੋ ਜਾਂਦੇ ਹਨ। ਕਿਸੇ ਵੀ ਤਰ੍ਹਾਂ ਦੀ ਸਥਿਤੀ ਵਿਚ ਮਾਪਿਆਂ ਨੂੰ ਬੱਚਿਆਂ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ।

> ਮਾਪੇ ਆਪਣੇ ਬੱਚਿਆਂ ਨੂੰ ਆਪਣੀ ਮਰਜ਼ੀ ਦੇ ਵਿਸ਼ੇ ਪੜ੍ਹਨ, ਰੁਜ਼ਗਾਰ ਚੁਣਨ ਅਤੇ ਆਪਣੀ ਮਰਜ਼ੀ ਦੇ ਕੰਮ ਕਰਨ ਲਈ ਮਜਬੂਰ ਕਰਦੇ ਹਨ, ਜਿਸ ਦੇ ਨਤੀਜੇ ਵਿਚ ਬੱਚੇ ਵਧੀਆ ਨਹੀਂ ਕਰ ਪਾਉਂਦੇ, ਕਿਉਂਕਿ ਉਨ੍ਹਾਂ ਦੀ ਦਿਲਚਸਪੀ ਉਸ ਕੰਮ ਵਿਚ ਨਹੀਂ ਹੁੰਦੀ।

ਅੱਜ ਦੇ ਭੱਜ-ਦੌੜ ਦੇ ਯੁੱਗ ਵਿਚ ਇਨਸਾਨ ਕੋਲ ਆਪਣੇ ਬੱਚਿਆਂ ਤੱਕ ਲਈ ਸਮਾਂ ਨਹੀਂ ਹੈ। ਕਈ ਵਾਰ ਮਾਪੇ ਇਹ ਸੋਚ ਲੈਂਦੇ ਹਨ ਕਿ ਪੈਸੇ ਨਾਲ ਖਰੀਦੀ ਜਾ ਸਕਣ ਵਾਲੀ ਹਰ ਸੁੱਖ ਸਹੂਲਤ ਬੱਚਿਆਂ ਨੂੰ ਦੇ ਰੱਖੀ ਹੈ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਬੱਚਿਆਂ ਨੂੰ ਮਾਂ-ਬਾਪ ਦੇ ਪਿਆਰ ਦੀ ਬਹੁਤ ਜ਼ਰੂਰਤ ਹੁੰਦੀ ਹੈ ਤੇ ਕੋਈ ਵੀ ਦੁਨਿਆਵੀ ਚੀਜ਼ ਉਸ ਦੀ ਭਰਪਾਈ ਨਹੀਂ ਕਰ ਸਕਦੀ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਮਾਂ ਜ਼ਰੂਰ ਦੇਣਾ ਚਾਹੀਦਾ ਹੈ।

ਮਾਪਿਆਂ ਨੂੰ ਬੱਚੇ ਦੀ ਗੱਲ ਧਿਆਨ ਨਾਲ ਸੁਣਨੀ ਚਾਹੀਦੀ ਹੈ। ਮਾਪਿਆਂ ਨੂੰ ਇਸ ਗੱਲ ਦੀ ਕਾਹਲੀ ਹੁੰਦੀ ਹੈ ਕਿ ਬੱਚੇ ਜਲਦੀ-ਜਲਦੀ ਸਾਰੀਆਂ ਜ਼ਿੰਮੇਵਾਰੀਆਂ ਸੰਭਾਲ ਲੈਣ ਅਤੇ ਉਹ ਕਈ ਵਾਰ ਉਨ੍ਹਾਂ ਦੀ ਉਮਰ ਤੋਂ ਵੱਡੀਆਂ ਜ਼ਿੰਮੇਵਾਰੀਆਂ ਥੋਪ ਦਿੰਦੇ ਹਨ, ਜਿਸ ਨਾਲ ਬੱਚੇ ਪ੍ਰੇਸ਼ਾਨੀ ਦੇ ਆਲਮ ਵਿਚ ਆ ਜਾਂਦੇ ਹਨ। ਮਾਪਿਆਂ ਨੂੰ ਬੱਚਿਆਂ ਨੂੰ ਪਹਿਲਾਂ ਛੋਟੀਆਂ ਜ਼ਿੰਮੇਵਾਰੀਆਂ ਦੇਣੀਆਂ ਚਾਹੀਦੀਆਂ ਹਨ ਅਤੇ ਲੋੜ ਪੈਣ 'ਤੇ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਬੱਚੇ ਜ਼ਿਆਦਾਤਰ ਘੁੰਮਣ-ਫਿਰਨ ਦੇ ਸ਼ੌਕੀਨ ਹੁੰਦੇ ਹਨ ਪਰ ਮਾਪਿਆਂ ਦੇ ਰੁਝੇਵਿਆਂ ਕਰਕੇ ਅਕਸਰ ਸਮਾਂ ਨਹੀਂ ਮਿਲ ਪਾਉਂਦਾ। ਮਾਪਿਆਂ ਨੂੰ ਆਪਣੇ ਰੁਝੇਵਿਆਂ ਵਿਚੋਂ ਕੁਝ ਸਮਾਂ ਕੱਢ ਕੇ ਪਰਿਵਾਰ ਨਾਲ ਘੁੰਮਣ ਜ਼ਰੂਰ ਜਾਣਾ ਚਾਹੀਦਾ ਹੈ, ਤਾਂ ਜੋ ਬੱਚੇ ਆਪਣੇ ਮਾਪਿਆਂ ਨਾਲ ਕੁਦਰਤ ਦੇ ਨਜ਼ਾਰਿਆਂ ਦਾ ਅਨੰਦ ਮਾਣ ਸਕਣ।

ਇਸ ਪ੍ਰਕਾਰ ਦੀਆਂ ਗੱਲਾਂ ਦਾ ਧਿਆਨ ਰੱਖ ਕੇ ਅਸੀਂ ਬੱਚਿਆਂ ਦਾ ਚੰਗੀ ਤਰ੍ਹਾਂ ਪਾਲਣ-ਪੋਸ਼ਣ ਕਰ ਸਕਦੇ ਹਾਂ ਅਤੇ ਮਾਪਿਆਂ ਵਲੋਂ ਮਿਲੇ ਸਹਿਯੋਗ ਦੇ ਸਦਕਾ ਇਹੀ ਬੱਚੇ ਜ਼ਿੰਦਗੀ ਵਿਚ ਕਾਮਯਾਬੀ ਦੀਆਂ ਬੁਲੰਦੀਆਂ ਛੂਹ ਲੈਂਦੇ ਹਨ। ਆਓ, ਅਸੀਂ ਮਿਲ ਕੇ ਬੱਚਿਆਂ ਦੇ ਜਜ਼ਬਾਤਾਂ ਦੀ ਕਦਰ ਕਰੀਏ।

ਉਦਾਸੀ ਉਦੋਂ ਹੀ ਪੈਦਾ ਹੁੰਦੀ ਹੈ ਜਦੋਂ ਸਾਡੇ ਕਾਰਜ ਕਿਸੇ ਮਨੋਰਥ ਦੀ ਘਾਟ ਕਾਰਨ ਜਾਂ ਕਿਸੇ ਹੋਰ ਰੁਕਾਵਟ ਕਾਰਨ ਅਸਫਲ ਹੋ ਜਾਣ। ਅਜਿਹੀਆਂ ਰੁਕਾਵਟਾਂ ਵਿਅਕਤੀ ‘ਤੇ ਦਬਾਅ ਪਾਉਂਦੀਆਂ ਹਨ ਅਤੇ ਤਣਾਅ ਪੈਦਾ ਕਰਦੀਆਂ ਹਨ। ਜਲਿਆਦਾ ਉਦਾਸੀ ਹੋਣ ਕਾਰਨ ਅਸੰਤੁਲਨ ਦੀ ਸਥਿਤੀ ਪੈਦਾ ਹੋ ਜਾਂਦੀ ਹੈ ਜਾਂ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਪੈਦਾ ਹੋ ਜਾਂਦੀਆਂ ਹਨ।

ਛੱਡੋ ਉਦਾਸੀ ਦਾ ਪੱਲਾ

➢ ਡਾ. ਆਗਿਆ ਜੀਤ ਸਿੰਘ

ਬਚਪਨ ਤੋਂ ਬੁਢਾਪੇ ਤਕ ਹਰ ਵਿਅਕਤੀ ਹਾਰਾਂ, ਮਾਯੂਸੀਆਂ ਤੇ ਅਸਫਲਤਾਵਾਂ ਦਾ ਸਾਹਮਣਾ ਕਰਦਾ ਹੈ, ਪਰ ਨਾਲ ਨਾਲ ਉਹ ਆਪਣੀਆਂ ਲੋੜਾਂ ਤੇ ਖਾਹਿਸ਼ਾਂ ਨੂੰ ਸੰਤੁਸ਼ਟ ਕਰਨ ਦਾ ਯਤਨ ਕਰਦਾ ਰਹਿੰਦਾ ਹੈ। ਹਰੇਕ ਵਿਅਕਤੀ ਦੀਆਂ ਬਹੁਤ ਸਾਰੀਆਂ ਖਾਹਿਸ਼ਾਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਕੁਝ ਅਸਲੀਅਤ ਨਾਲ ਮੇਲ ਖਾਂਦੀਆਂ ਹਨ ਅਤੇ ਕੁਝ ਦੀ ਪ੍ਰਾਪਤੀ ਹੋਣੀ ਮੁਸ਼ਕਲ ਹੋ ਜਾਂਦੀ ਹੈ। ਬਹੁਤਿਆਂ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਦੌਲਤ ਤੇ ਪ੍ਰਸਿੱਧੀ ਪ੍ਰਾਪਤ ਕਰਨ, ਪਰ ਬਹੁਤ ਹੀ ਘੱਟ ਖੁਸ਼ਕਿਸਮਤ ਹੁੰਦੇ ਹਨ ਜਿਹੜੇ ਸਭ ਕੁਝ ਪ੍ਰਾਪਤ ਕਰਦੇ ਹਨ।

ਅਜਿਹੇ ਵਿਚ ਕਈ ਅਸਫਲਤਾਵਾਂ ਦਾ ਸਾਹਮਣਾ ਕਰਦੇ ਹਨ, ਪਰ ਇਨ੍ਹਾਂ ਵਿਚ ਕਈ ਅਜਿਹੇ ਵੀ ਹਨ ਜਿਨ੍ਹਾਂ ਨੂੰ ਜੋ ਵੀ ਮਿਲ ਜਾਂਦਾ ਹੈ, ਉਹ ਉਸ ਨਾਲ ਸੰਤੁਸ਼ਟ ਹੋ ਜਾਂਦੇ ਹਨ। ਫਿਰ ਉਹ ਜਲਿੰਦਗੀ ਭਰ ਖੁਸ਼ੀਆਂ ਨੂੰ ਮਾਣਦੇ ਰਹਿੰਦੇ ਹਨ। ਪਰ ਜਿਹੜੇ ਆਪਣੀਆਂ ਅਸਫਲਤਾਵਾਂ ਬਾਰੇ ਸੋਚਦੇ ਰਹਿੰਦੇ ਹਨ ਜਾਂ ਜਿਹੜੇ ਗ਼ਲਤ ਢੰਗ ਨਾਲ ਤਾਕਤ ਜਾਂ ਦੌਲਤ ਦੀਆਂ ਖਾਹਿਸ਼ਾਂ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹ ਕਈ ਤਰ੍ਹਾਂ ਦੀਆਂ ਮਾਨਸਿਕ ਉਲਝਣਾਂ ਤੋਂ ਪੀੜਤ ਹੋ ਜਾਂਦੇ ਹਨ। ਇਸ ਨਾਲ ਉਹ ਆਪਣੀ ਮਾਨਸਿਕ ਸ਼ਾਂਤੀ ਗੁਆ ਬੈਠਦੇ ਹਨ।

ਹਰੇਕ ਆਪਣੀ ਜ਼ਿੰਦਗੀ ਵਿਚ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਦਾ ਹੈ। ਜਦੋਂ ਉਹ ਆਪਣੇ ਕਾਰਜ ਜਾਂ ਇੱਛਾਵਾਂ ਨੂੰ ਪੂਰਾ ਨਹੀਂ ਕਰ ਪਾਉਂਦੇ ਤਾਂ ਉਨ੍ਹਾਂ ਦੇ ਨਿਰਾਸ਼ਾ ਪੱਲੇ ਪੈਂਦੀ ਹੈ। ਸਾਡਾ ਵਿਵਹਾਰ ਆਮ ਤੌਰ ‘ਤੇ ਕਿਸੇ ਉਦੇਸ਼ ਪੂਰਤੀ ਜਾਂ ਕਿਸੇ ਟੀਚੇ ਵੱਲ ਪ੍ਰਤੱਖ ਰੂਪ ਵਿਚ ਨਿਰਦੇਸ਼ਿਤ ਹੁੰਦਾ ਹੈ, ਪਰ ਅਸੀਂ ਹਮੇਸ਼ਾਂ ਆਪਣੀ ਇੱਛਾ ਅਨੁਸਾਰ ਉਦੇਸ਼ ਪੂਰਤੀ ਵੱਲ ਨਹੀਂ ਜਾ ਸਕਦੇ। ਉਦੇਸ਼ ਪੂਰਤੀ ਵਿਵਹਾਰ ਜਾਂ ਇੱਛਾਵਾਂ ਦੇ ਰਾਹ ਵਿਚ ਰੁਕਾਵਟ ਜਾਂ ਇਨ੍ਹਾਂ ਵਿਚ ਅਸਫਲ ਹੋਣ ਨੂੰ ਹੀ ਉਦਾਸੀ ਕਹਿੰਦੇ ਹਨ। ਇੰਜ ਕਈ ਪ੍ਰਕਾਰ ਦੀਆਂ ਉਦਾਸ ਸਥਿਤੀਆਂ ਪੈਦਾ ਹੁੰਦੀਆਂ ਹਨ। ਮਨੁੱਖੀ ਲੋੜਾਂ ਦਾ ਸੰਤੁਸ਼ਟ ਨਾ ਹੋਣਾ ਹੀ ਉਦਾਸੀ ਹੈ। ਇਹ ਉਹ ਸਥਿਤੀ ਹੈ ਜਿਹੜੀ ਮਨੁੱਖੀ ਲੋੜਾਂ ਨੂੰ ਸੰਤੁਸ਼ਟ ਨਹੀਂ ਹੋਣ ਦਿੰਦੀ। ਵਿਅਕਤੀ ਆਪਣਾ ਮਨੋਰਥ ਪ੍ਰਾਪਤ ਕਰਨ ਲਈ ਅਸਮਰੱਥ ਹੁੰਦਾ ਹੈ ਅਤੇ ਉਹ ਕਿਸੇ ਖ਼ਾਸ ਉਦੇਸ਼ ਲਈ ਉਤੇਜਿਤ ਵਿਵਹਾਰ ਨਹੀਂ ਪ੍ਰਗਟਾਉਂਦਾ।

ਉਦਾਸੀ ਉਦੋਂ ਹੀ ਪੈਦਾ ਹੁੰਦੀ ਹੈ ਜਦੋਂ ਸਾਡੇ ਕਾਰਜ ਕਿਸੇ ਮਨੋਰਥ ਦੀ ਘਾਟ ਕਾਰਨ ਜਾਂ ਕਿਸੇ ਹੋਰ ਰੁਕਾਵਟ ਕਾਰਨ ਅਸਫਲ ਹੋ ਜਾਣ। ਅਜਿਹੀਆਂ ਰੁਕਾਵਟਾਂ ਵਿਅਕਤੀ ‘ਤੇ ਦਬਾਅ ਪਾਉਂਦੀਆਂ ਹਨ ਅਤੇ ਤਣਾਅ ਪੈਦਾ ਕਰਦੀਆਂ ਹਨ। ਜਲਿਆਦਾ ਉਦਾਸੀ ਹੋਣ ਕਾਰਨ ਅਸੰਤੁਲਨ ਦੀ ਸਥਿਤੀ ਪੈਦਾ ਹੋ ਜਾਂਦੀ ਹੈ ਜਾਂ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਪੈਦਾ ਹੋ ਜਾਂਦੀਆਂ ਹਨ।

ਆਧੁਨਿਕ ਮਨੁੱਖ ਵਿਚ ਉਦਾਸੀ ਤੇ ਤਣਾਅ ਜਲਿਆਦਾ ਵਧ ਰਿਹਾ ਹੈ ਕਿਉਂਕਿ ਉਹ ਗੁੰਝਲਦਾਰ ਤੇ ਉਦਯੋਗਿਕ ਸਮਾਜ ਵਿਚ ਰਹਿੰਦੇ ਹਨ। ਅੱਜ ਦੇ ਮੁਕਾਬਲੇ ਦੇ ਸਮੇਂ ਵਿਚ ਜਿੱਥੇ ਅਸਫਲਤਾ ਦੀ ਸੰਭਾਵਨਾ ਵਧ ਰਹੀ ਹੈ, ਉੱਥੇ ਉਦਾਸੀ ਤੇ ਤਣਾਅ ਦੀ ਸੰਭਾਵਨਾ ਹੋਰ ਵੀ ਵਧ ਰਹੀ ਹੈ। ਇਹ ਹਾਲਤ ਮਨੁੱਖੀ ਲੋੜਾਂ ਤੇ ਅਭਿਲਾਸ਼ਾਵਾਂ ਦੀ ਪ੍ਰਾਪਤੀ ਵਿਚ ਦਖਲ ਦਿੰਦੀ ਹੈ ਜਿਸ ਕਾਰਨ ਉਦੇਸ਼ ਦੀ ਪ੍ਰਾਪਤੀ ਵੱਲ ਯਤਨ ਢਿੱਲੇ ਹੋ ਜਾਂਦੇ ਹਨ। ਜੇ ਰੁਕਾਵਟਾਂ ਜਲਦੀ ਦੂਰ ਹੋ ਜਾਣ ਤਾਂ ਉਦਾਸੀ ਆਰਜ਼ੀ ਹੁੰਦੀ ਹੈ।

> **ਆਧੁਨਿਕ ਮਨੁੱਖ ਵਿਚ ਉਦਾਸੀ ਤੇ ਤਣਾਅ ਜਲਿਆਦਾ ਵਧ ਰਿਹਾ ਹੈ ਕਿਉਂਕਿ ਉਹ ਗੁੰਝਲਦਾਰ ਤੇ ਉਦਯੋਗਿਕ ਸਮਾਜ ਵਿਚ ਰਹਿੰਦੇ ਹਨ। ਅੱਜ ਦੇ ਮੁਕਾਬਲੇ ਦੇ ਸਮੇਂ ਵਿਚ ਜਿੱਥੇ ਅਸਫਲਤਾ ਦੀ ਸੰਭਾਵਨਾ ਵਧ ਰਹੀ ਹੈ, ਉੱਥੇ ਉਦਾਸੀ ਤੇ ਤਣਾਅ ਦੀ ਸੰਭਾਵਨਾ ਹੋਰ ਵੀ ਵਧ ਰਹੀ ਹੈ।**

ਅਜੋਕੀ ਜ਼ਿੰਦਗੀ ਵਿਚ ਤਣਾਅ ਉਦਾਸੀ ਦੀ ਹਾਲਤ ਕਰਕੇ ਪੈਦਾ ਹੁੰਦਾ ਹੈ। ਅੱਜ ਹਰ ਬੱਚੇ ਤੇ ਬਾਲਗ ਦੇ ਜੀਵਨ ਵਿਚ ਉਦਾਸੀ ਜ਼ਰੂਰ ਆਉਂਦੀ ਹੈ। ਜੇ ਇਹ ਬਹੁਤ ਜ਼ਿਆਦਾ ਨਾ ਹੋਵੇ ਤਾਂ ਅਸੀਂ ਇਸਨੂੰ ਬਰਦਾਸ਼ਤ ਕਰਨ ਦੀ ਯੋਗਤਾ ਪੈਦਾ ਕਰ ਲੈਂਦੇ ਹਾਂ। ਅਸੀਂ ਉਦਾਸੀ ਦੀਆਂ ਹਾਲਤਾਂ ਨੂੰ ਪਰਖ ਕੇ ਅਤੇ ਆਪਣੇ ਉਦੇਸ਼ਾਂ ਨੂੰ ਬਦਲ ਕੇ ਕਈ ਤਕਲੀਫ਼ਾਂ ਤੋਂ ਬਚ ਸਕਦੇ ਹਾਂ। ਜੇ ਉਦਾਸੀ ਦੀ ਹਾਲਤ ਥੋੜ੍ਹੀ ਹੋਵੇ ਤਾਂ ਕਈ ਵਿਅਕਤੀ ਆਪਣਾ ਟੀਚਾ ਪ੍ਰਾਪਤ ਕਰਨ ਲਈ ਜ਼ਿਆਦਾ ਯਤਨ ਕਰਦੇ ਹਨ, ਪਰ ਜਦੋਂ ਉਦਾਸੀ ਬਹੁਤ ਜ਼ਿਆਦਾ ਵਧ ਜਾਂਦੀ ਹੈ ਅਤੇ ਵਿਸ਼ਾਦ ਦੀ ਸਥਿਤੀ ਵਾਰ-ਵਾਰ ਪੈਦਾ ਹੁੰਦੀ ਰਹਿੰਦੀ ਹੈ ਤਾਂ ਵਿਅਕਤੀ ਦਾ ਸੰਤੁਲਨ ਵਿਗੜ ਜਾਂਦਾ ਹੈ ਅਤੇ ਤਣਾਓ ਦੀ ਸਥਿਤੀ ਉਪਜਦੀ ਹੈ।

ਉਦਾਸੀ ਦੇ ਆਮ ਸਿੱਟੇ ਗੁੱਸਾ ਤੇ ਵੈਰ-ਭਾਵ ਹੁੰਦੇ ਹਨ। ਜਦੋਂ ਅਸੀਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦੇ ਤਾਂ ਅਸੀਂ ਝਗੜਾਲੂ ਬਣ ਜਾਂਦੇ ਹਾਂ। ਉਦਾਸੀ ਦੀਆਂ ਅਜਿਹੀਆਂ ਹਾਲਤਾਂ ਵਿਚ ਕਈ ਵਾਰ ਅਸੀਂ ਬਦਲਾ ਲੈਣ ਦੀ ਵੀ ਕੋਸ਼ਿਸ਼ ਕਰਦੇ ਹਾਂ। ਜਿਹੜੇ ਲੋਕ ਉਦਾਸੀ ਬਰਦਾਸ਼ਤ ਕਰ ਲੈਂਦੇ ਹਨ ਅਤੇ ਉਹ ਬਦਲਾ ਨਹੀਂ ਲੈ ਸਕਦੇ ਤਾਂ ਉਹ ਗੁੱਸੇ ਵਿਚ ਆ ਜਾਂਦੇ ਹਨ, ਦੂਜਿਆਂ ਦੀ ਨਿੰਦਾ ਕਰਦੇ ਹਨ ਅਤੇ ਦੂਜਿਆਂ ਵੱਲ ਲਾਪਰਵਾਹੀ ਵਾਲਾ ਵਿਵਹਾਰ ਵੀ ਅਪਣਾਉਂਦੇ ਹਨ। ਕੁਝ ਹੋਰ ਲੋਕ ਹਿੰਸਕ ਕਾਰਵਾਈਆਂ ਕਰਦੇ ਹਨ। ਕੁਝ ਛੋਟੇ ਸਿਆਸੀ ਸਮੂਹ ਨਿਰਾਸ਼ ਹੋ ਕੇ ਟੁੱਟ ਭੰਨ ਦੀਆਂ ਕਾਰਵਾਈਆਂ ਕਰਦੇ ਹਨ ਜਾਂ ਰਾਜ ਵਿਰੁੱਧ ਆਪਣੀ ਨਾਰਾਜ਼ਗੀ ਪ੍ਰਗਟ ਕਰਦੇ ਹਨ।

ਜ਼ਿੰਦਗੀ ਵਿਚ ਤਣਾਅ ਵਾਲੀਆਂ ਸਥਿਤੀਆਂ ਵਿਅਕਤੀ ਦੀ ਸਿਹਤ ਅਤੇ ਮਾਨਸਿਕ ਸੰਤੁਲਨ ‘ਤੇ ਪ੍ਰਭਾਵ ਪਾਉਂਦੀਆਂ ਹਨ। ਕਈਆਂ ਦਾ ਪ੍ਰਭਾਵ ਹਿੰਸਕ ਵੀ ਹੋ ਸਕਦਾ ਹੈ, ਪਰ ਇਕ ਆਦਮੀ ਆਪਣੇ ਉਦੇਸ਼ ਬਦਲ ਕੇ ਜਾਂ ਆਪਣੀਆਂ ਇੱਛਾਵਾਂ ਦਾ ਘੇਰਾ ਘਟਾ ਕੇ ਤਣਾਅ ਤੇ ਉਦਾਸੀ ਤੋਂ ਬਚ ਸਕਦਾ ਹੈ। ਗੰਭੀਰ ਪ੍ਰਕਾਰ ਦੇ ਤਣਾਅ ਕਈ ਪ੍ਰਕਾਰ ਦਾ ਅਸੰਤੁਲਨ ਪੈਦਾ ਕਰਦੇ ਹਨ, ਪਰ ਜੇਕਰ ਉਹ ਸ਼ਾਂਤੀ ਦੀ ਜਲਿੰਦਗੀ ਬਿਤਾਉਣਾ ਚਾਹੁੰਦੇ ਹਨ ਤਾਂ ਇਸ ਤੋਂ ਵੀ ਛੁਟਕਾਰਾ ਪਾਇਆ ਜਾ ਸਕਦਾ ਹੈ। ਇਹ ਮੰਨਣਾ ਪਵੇਗਾ ਕਿ ਸਾਰੇ ਸਾਧਾਰਨ ਵਿਅਕਤੀ ਆਰਜ਼ੀ ਤੌਰ ‘ਤੇ ਉਦਾਸੀ ਤੇ ਤਣਾਅ ਨੂੰ ਬਰਦਾਸ਼ਤ ਕਰ ਸਕਦੇ ਹਨ। ਇਸ ਲਈ ਰੁਕਾਵਟਾਂ ਨੂੰ ਦੂਰ ਕਰਨ, ਸਮੱਸਿਆਵਾਂ ਦਾ ਹੱਲ ਲੱਭਣ ਅਤੇ ਉਦਾਸੀ ਨੂੰ ਘਟਾਉਣ ਵਿਚ ਹੀ ਜ਼ਿੰਦਗੀ ਦਾ ਮਜ਼ਾ ਹੈ ਜਿਸ ਨਾਲ ਮਾਨਸਿਕ ਸ਼ਕਤੀ ਵਧਦੀ ਹੈ। ਇਸ ਲਈ ਜੇਕਰ ਤੁਸੀਂ ਅਜਿਹੀ ਸਥਿਤੀ ਦਾ ਸਾਹਮਣਾ ਕਰ ਰਹੇ ਹੋ ਤਾਂ ਆਪਣੀ ਜਲਿੰਦਗੀ ਦੇ ਉਦੇਸ਼ ਬਦਲੋ ਅਤੇ ਆਪਣੀਆਂ ਇੱਛਾਵਾਂ ਦੇ ਘੇਰੇ ਨੂੰ ਸੀਮਤ ਕਰੋ। ਅਜਿਹਾ ਕਰਨ ਨਾਲ ਤੁਸੀਂ ਜਲਿੰਦਗੀ ਦਾ ਆਨੰਦ ਮਾਣੋਗੇ।

ਤੈਰਨ ਲਈ ਕਿਨਾਰੇ ਛੱਡਣੇ ਲਾਜ਼ਮੀ

ਤੈਰਨ ਲਈ
ਕਿਨਾਰੇ ਛੱਡਣੇ
ਲਾਜ਼ਮੀ

ਨਿਸ਼ਾਨੇ ਦੀ ਪੂਰਤੀ ਲਈ ਯਤਨ ਹੀ ਇਕੋ ਇਕ ਸਹਾਰਾ ਹੁੰਦੇ ਹਨ। ਯਤਨਾਂ ਤੋਂ ਬਿਨਾਂ ਸਫਲਤਾ ਦੀ ਉਮੀਦ ਕਰਨਾ ਵਿਅਰਥ ਹੈ। ਇਨ੍ਹਾਂ ਯਤਨਾਂ ਜਾਂ ਕੋਸ਼ਿਸ਼ਾਂ ਦਾ ਛੋਟੇ ਜਾਂ ਵੱਡੇ ਰੂਪ ਵਿਚ ਸਾਡੀ ਜ਼ਿੰਦਗੀ ਵਿਚ ਹੋਣਾ ਬਹੁਤ ਜ਼ਰੂਰੀ ਹੈ। ਕਮਾਈ ਕਰਨ ਨਾਲ ਹੀ ਪੈਸਾ ਜੁੜਦਾ ਹੈ ਅਤੇ ਸਮਝ ਕੇ ਖਰਚਣ ਨਾਲ ਇਹ ਬਚਦਾ ਹੈ। ਗ਼ੈਰਜ਼ਰੂਰੀ ਸ਼ੌਕਾਂ ਦਾ ਤਿਆਗ ਮਨ ਨੂੰ ਸਕੂਨ ਦਿੰਦਾ ਹੈ ਅਤੇ ਮਿਹਨਤ ਵਿਚ ਬਰਕਤ ਪਾਉਂਦਾ ਹੈ। ਇਸ ਲਈ ਮਿਹਨਤ ਲਈ ਤਿਆਗ ਦੀ ਭਾਵਨਾ ਬੇਹੱਦ ਜ਼ਰੂਰੀ ਹੈ।

ਤਿਆਗ ਕੀਤੇ ਬਿਨਾਂ ਕਿਸੇ ਚੀਜ਼ ਦੀ ਪ੍ਰਾਪਤੀ ਕਰਨਾ ਸਿਰਫ਼ ਸੁਪਨਾ ਹੈ। ਵਿਦੇਸ਼ੀ ਧਰਤੀ ‘ਤੇ ਜਾ ਕੇ ਪੈਸਾ ਕਮਾਉਣ ਲਈ ਘਰ ਛੱਡਣਾ ਪਵੇਗਾ। ਪੜ੍ਹਾਈ ਕਰਨ ਲਈ ਰਾਤਾਂ ਦੀ ਆਨੰਦਮਈ ਨੀਂਦ ਦਾ ਤਿਆਗ ਜ਼ਰੂਰੀ ਹੈ। ਖੇਤ ਵਿਚ ਚੰਗੀ ਫ਼ਸਲ ਲਈ ਮਿਹਨਤ ਕਰਨੀ ਪੈਣੀ ਹੈ, ਆਪਣਾ ਅਕਸ ਅਤੇ ਕਿਰਦਾਰ ਚਮਕਾਉਣ ਲਈ ਆਪਣੇ ਆਪ ਨੂੰ ਲੋਭ ਲਾਲਚਾਂ ਤੋਂ ਮੁਕਤ ਰੱਖਣਾ ਪਵੇਗਾ। ਉਸ ਤੈਰਾਕ ਲਈ ਸਮੁੰਦਰ ਤੈਰਨਾ ਨਾਮੁਮਕਿਨ ਹੈ ਜੋ ਕਿਨਾਰੇ ਛੱਡਣ ਲੱਗਿਆ ਝਿਜਕ ਮਹਿਸੂਸ ਕਰੇ। ਜੰਗ ਜਿੱਤਣ ਦਾ ਜੇਕਰ ਜਨੂਨ ਹੈ ਤਾਂ ਜੰਗ ਲੜਨੀ ਪਏਗੀ। ਫ਼ਸਲ ‘ਤੇ ਜੇਕਰ ਬਿਮਾਰੀ ਦਾ ਹਮਲਾ ਹੋ ਜਾਵੇ ਤਾਂ ਮੋਢਿਆਂ ‘ਤੇ ਦਵਾਈ ਵਾਲੀ ਢੋਲੀ ਟੰਗ ਕੇ ਖੇਤ ਵਿਚ ਉਤਰਨਾ ਹੀ ਪਵੇਗਾ, ਬਾਹਰ ਖੜ੍ਹ ਕੇ ਰੋੜੇ ਜਾਂ ਆਵਾਜ਼ਾਂ ਮਾਰਨ ਨਾਲ ਬਿਮਾਰੀ ਦਾ ਇਲਾਜ ਨਹੀਂ ਹੋਣਾ। ਕਿਸੇ ਵੀ ਕਾਰਜ ਦੀ ਸ਼ੁਰੂਆਤ ਲਈ ਕੋਸ਼ਿਸ਼ ਜ਼ਰੂਰੀ ਹੈ। ਇਸ ਸਫ਼ਰ ਦੌਰਾਨ ਹੌਸਲਾ ਅਤੇ ਹਿੰਮਤ ਬਣਾਈ ਰੱਖਣਾ ਲਾਜ਼ਮੀ ਹੈ।

ਅੰਗਰੇਜ਼ੀ ਦੀ ਇਕ ਕਵਿਤਾ ਅਨੁਸਾਰ ‘ਇਥਾਕਾ’ ਸ਼ਹਿਰ ਦਾ ਰਾਜਾ ਦੁਨੀਆਂ ਦੀਆਂ ਨਵੀਆਂ ਥਾਵਾਂ ਦੀ ਖੋਜ ਕਰਨ ਦਾ ਸ਼ੌਕ ਰੱਖਦਾ ਸੀ। ਰਾਜ ਵਿਚ ਟਿਕ ਕੇ ਬੈਠਣਾ ਉਸ ਦੇ ਵੱਸ ਦੀ ਗੱਲ ਨਹੀਂ ਸੀ। ਵੀਹ ਸਾਲਾਂ ਬਾਅਦ ਆਪਣੇ ਰਾਜ ਵਿਚ ਪਰਤਿਆ ਰਾਜਾ ਅਕਸਰ ਬੇਚੈਨ ਰਹਿਣ ਲੱਗਿਆ। ਕਿਸੇ ਨਵੀਂ ਖੋਜ ‘ਤੇ ਜਾਣ ਲਈ ਉਸਦਾ ਮਨ ਉਤਾਵਲਾ ਸੀ। ਆਪਣੇ ਪੁੱਤਰ ਨੂੰ ਰਾਜਭਾਗ ਦੀ ਡੋਰ ਫੜਾ ਕੇ ਉਸਨੇ ਫਿਰ ਯਾਤਰਾ ‘ਤੇ ਜਾਣ ਦੀ ਤਿਆਰੀ ਕਰ ਲਈ, ਪਰ ਨਾਲ ਜਾਣ ਵਾਲੇ ਸਾਥੀਆਂ ਨੇ ਆਪਣੀ ਢਲਦੀ ਉਮਰ ਦਾ ਹਵਾਲਾ ਦੇ ਕੇ ਉਸ ਨਾਲ ਜਾਣ ਤੋਂ ਨਾਂਹ ਕਰ ਦਿੱਤੀ। ਰਾਜੇ ਨੇ ਆਪਣੇ ਸਾਥੀਆਂ ਦੇ ਢਹੇ ਹੌਸਲੇ ਬੁਲੰਦ ਕਰਨ ਲਈ ਬਹੁਤ ਵਧੀਆ ਤਕਰੀਰ ਕੀਤੀ। ਉਸਨੇ ਆਪਣੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਹੌਸਲਾ ਬੁਲੰਦ ਹੋਵੇ ਤਾਂ ਢਲਦੀ ਉਮਰ ਜਾਂ ਕੋਈ ਚਣੌਤੀ ਇਨਸਾਨ ਨੂੰ ਜਿੱਤ ਦਰਜ ਕਰਨ ਤੋਂ ਨਹੀਂ ਰੋਕ ਸਕਦੀ। ਉਸ ਨੇ ਕਿਹਾ ਕਿ ਢਲਦੀ ਉਮਰ ਕਾਰਨ ਬੇਸ਼ੱਕ ਅਸੀਂ ਬਾਹਰੋਂ ਕਮਜ਼ੋਰ ਦਿੱਸਣ ਲੱਗੇ ਹਾਂ, ਪਰ ਉਨ੍ਹਾਂ ਅੰਦਰ ਧੜਕਦਾ ਦਿਲ ਅਜੇ ਜਵਾਨ ਹੈ ਜੋ ਕਿਸੇ ਵੀ ਚਣੌਤੀ ਨੂੰ ਸਵੀਕਾਰਨ ਦੇ ਯੋਗ ਹੈ। ਔਖੀ ਮਜ਼ਿਲ ਨੂੰ ਪਾਉਣ ਲਈ ਸਰੀਰ ਨਹੀਂ ਤਕੜੇ ਦਿਲ ਦੀ ਲੋੜ ਹੈ ਅਤੇ ਜੇਕਰ ਉਹ ਇਹ ਨਵੀਂ ਖੋਜ ਕਰਨ ਵਿਚ ਸਫਲ ਹੋ ਜਾਂਦੇ ਹਨ ਤਾਂ ਇਤਿਹਾਸ ਦੇ ਪੰਨਿਆਂ ‘ਤੇ ਉਨ੍ਹਾਂ ਦਾ ਨਾਂ ਸਦਾ ਲਈ ਉੱਕਰ ਜਾਵੇਗਾ। ਇਹ ਗੱਲਾਂ ਸੁਣ ਕੇ ਰਾਜੇ ਦੇ ਸਾਥੀਆਂ ਦਾ ਹੌਸਲਾ ਬੱਝਿਆ ਅਤੇ ਉਹ ਰਾਜੇ ਨਾਲ ਯਾਤਰਾ ‘ਤੇ ਜਾਣ ਲਈ ਤਿਆਰ ਹੋ ਗਏ। ਕਈ ਦਿਨਾਂ ਦੀ ਲੰਬੀ ਯਾਤਰਾ ਤੋਂ ਬਾਅਦ ਆਖਿਰ ਉਹ ਆਪਣੀ ਮੰਜ਼ਿਲ ‘ਤੇ ਸਫਲਤਾਪੂਰਵਕ ਪਹੁੰਚ ਗਏ। ਮਿੱਥੇ ਟੀਚਿਆਂ ਦੀ ਪ੍ਰਾਪਤੀ ਲਈ ਵਿਚਾਰਾਂ ਨੂੰ ਅਸਲੀਅਤ ਵਿਚ ਢਾਲਣਾ ਪੈਂਦਾ ਹੈ ਅਤੇ ਇਸ ਦੌਰਾਨ ਆਉਂਦੇ ਜੋਖ਼ਮਾਂ ਨੂੰ ਸਹਿਣਾ ਸਫਲ ਹੋਣ ਦੀ ਪ੍ਰਪੱਕਤਾ ਨੂੰ ਦਰਸਾਉਂਦਾ ਹੈ। ਉਹ ਇਨਸਾਨ ਕਦੋਂ ਸਫਲ ਹੋਵੇਗਾ ਜਿਸ ਨੇ ਅਜੇ ਇਸ ਗੱਲ ਦਾ ਹੀ ਫ਼ੈਸਲਾ ਨਹੀਂ ਕੀਤਾ ਕਿ ਉਸਨੇ ਕਿਸ ਟੀਚੇ ‘ਤੇ ਕਿਵੇਂ ਪਹੁੰਚਣਾ ਹੈ।

ਹਾਰੀ ਬਾਜ਼ੀ ਨੂੰ ਜਿੱਤਣਾ ਉਸ ਇਨਸਾਨ ਲਈ ਸੌਖਾ ਹੁੰਦਾ ਹੈ ਜਿਸ ਨੇ ਹਾਰ ਦੇ ਕਾਰਨਾਂ ਨੂੰ ਸਮਝ ਕੇ ਦੁਬਾਰਾ ਜਿੱਤ ਲਈ ਯਤਨ ਕੀਤੇ ਹੋਣ। ਵਿਸ਼ਵਾਸ ਨਾਲ ਲੈਸ ਤੈਰਾਕ ਪਾਣੀ ਦੀ ਡੂੰਘਾਈ ਦੀ ਪਰਵਾਹ ਨਹੀਂ ਕਰਦਾ, ਉਸਦਾ ਮੁੱਖ ਨਿਸ਼ਾਨਾ ਤੈਰਨਾ ਹੁੰਦਾ ਹੈ ਪਾਣੀ ਦੀ ਡੂੰਘਾਈ ਨਾਪਣਾ ਨਹੀਂ। ਇਹੀ ਸੋਚ ਹਿੰਦੁਸਤਾਨ ਦੇ ਮਹਾਨ ਤੈਰਾਕ ਮਿਹਰ ਸੈਨ ਦੀ ਸੀ ਜਿਸ ਨੇ ਸਫਲਤਾਪੂਰਵਕ ਦਰਿਆ ਤੈਰਨ ਦਾ ਹੌਸਲਾ ਕੀਤਾ ਅਤੇ ਨੌਜਵਾਨਾਂ ਲਈ ਮਿਸਾਲ ਬਣ ਗਿਆ। ਇਹੀ ਜ਼ਿੰਦਗੀ ਦੇ ਲੰਬੇ ਪੈਂਡੇ ਨੂੰ ਤੈਅ ਕਰਨ ਦਾ ਵੀ ਮੰਤਰ ਹੈ।

ਹਿੰਮਤ, ਹੌਸਲਾ ਅਤੇ ਲਗਨ ਡੂੰਘੀਆਂ ਅਤੇ ਲੰਬੀਆਂ ਵਾਟਾਂ ਨੂੰ ਚੀਰਨ ਦੀ ਤਾਕਤ ਰੱਖਦੇ ਹਨ। ਨੌਕਰੀ ਜਾਂ ਰੁਜ਼ਗਾਰ ਨਾ ਮਿਲਦਾ ਦੇਖ ਕੇ ਨੌਜਵਾਨਾਂ ਦਾ ਕੁਰਾਹੇ ਪੈ ਜਾਣਾ ਕਿੱਥੋਂ ਦੀ ਸਿਆਣਪ ਹੈ? ਹਨੇਰੇ ਵਿਚੋਂ ਰੌਸ਼ਨੀ ਦੇਖਣ ਦੀ ਆਸ ਰੱਖੋਗੇ ਤਾਂ ਰੌਸ਼ਨੀ ਜ਼ਰੂਰ ਨਜ਼ਰ ਆਏਗੀ ਅਤੇ ਰੌਸ਼ਨੀ ਨੂੰ ਜੇਕਰ ਹਨੇਰਾ ਸਮਝੋਗੇ ਤਾਂ ਚਾਨਣ ਵੀ ਹਨੇਰਾ ਹੀ ਲੱਗੇਗਾ। ਸੋਚ ਅਤੇ ਵਿਚਾਰ ਇਨਸਾਨ ਦਾ ਅਮੁੱਲ ਖ਼ਜ਼ਾਨਾ ਹਨ। ਜੇਕਰ ਵਿਚਾਰ ਨਾਕਾਰਾਤਮਕ ਹੋ ਜਾਣ ਤਾਂ ਇਹ ਵਿਚਾਰਾਂ ਰੂਪੀ ਖ਼ਜ਼ਾਨਾ ਤਨ ਅਤੇ ਮਨ ਦੀ ਸੁੰਦਰਤਾ ਨੂੰ ਪਲਾਂ ਵਿਚ ਖ਼ਤਮ ਕਰ ਦਿੰਦਾ ਹੈ। ਸਾਫ਼ ਵਿਚਾਰਾਂ ਦੀ ਖੇਡ ਇਨਸਾਨ ਨੂੰ ਹਰ ਮੈਦਾਨ ਫਤਿਹ ਕਰਵਾਉਂਦੀ ਹੈ ਅਤੇ ਮਿਹਨਤ ਕਰਨ ਲਈ ਉਤਸ਼ਾਹਿਤ ਕਰਦੀ ਹੈ। ਇਹ ਸਹੀ ਹੈ ਕਿ ਜ਼ਿੰਦਗੀ ਰੂਪੀ ਸਮੁੰਦਰ ਤੈਰਨਾ ਲੰਬਾ ਅਤੇ ਔਖਾ ਲੱਗਦਾ ਹੈ, ਪਰ ਮਿੱਥੀ ਮੰਜ਼ਿਲ ‘ਤੇ ਅਪੜਣ ਲਈ ਕਿਨਾਰੇ ਛੱਡਣੇ ਹੀ ਪੈਣੇ ਹਨ।

ਡਾ. ਧਰਮਜੀਤ ਸਿੰਘ ਮਾਨ

ਸਿਹਤਮੰਦ ਸਮਾਜ ਦੀ ਸਿਰਜਣਾ ਵਿਚ ਔਰਤ ਦੀ ਭੂਮਿਕਾ

ਔਰਤ ਦੀ ਜ਼ਿੰਦਗੀ ਨਾਲ ਜੁੜੇ ਕਈ ਫਾਲਤੂ ਕਿਸਮ ਦੇ ਡਰ ਦੂਰ ਕਰਨੇ ਪੈਣਗੇ। ਕਈ ਤੌਖਲੇ ਉਸ ਦੀ ਜ਼ਿੰਦਗੀ ਵਿਚੋਂ ਬਾਹਰ ਕਰਨੇ ਪੈਣਗੇ। ਜਿਸ ਸਮਾਜ ਵਿਚ ਔਰਤ ਜਿੰਨੀ ਵੱਧ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰੇਗੀ, ਓਨੀਆਂ ਹੀ ਉਸ ਸਮਾਜ ਵਿਚ ਖੁਸ਼ਹਾਲੀ ਦੀਆਂ ਰਾਹਾਂ

ਚੰਗੀਆਂ ਤੇ ਉਸਾਰੂ ਆਦਤਾਂ ਸਿਹਤਮੰਦ ਜ਼ਿੰਦਗੀ ਦਾ ਨਿਰਮਾਣ ਕਰਦੀਆਂ ਹਨ ਅਤੇ ਇਕ ਸਿਹਤਮੰਦ ਜ਼ਿੰਦਗੀ ਹੀ ਸਿਹਤਮੰਦ ਸਮਾਜ ਦੀ ਸਿਰਜਣਾ ਵਿਚ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਕੋਈ ਵੀ ਵਸਤੂ ਢਲਾਣ ਵੱਲ ਆਪਣੇ-ਆਪ ਦੌੜਦੀ ਹੈ, ਜਦਕਿ ਉਚਾਈ 'ਤੇ ਜਾਣ ਲਈ ਬਹੁਤ ਮਿਹਨਤ-ਮੁਸ਼ੱਕਤ ਕਰਨੀ ਪੈਂਦੀ ਹੈ। ਬੁਰੀਆਂ ਆਦਤਾਂ ਨੀਵੇਂ ਪਾਸੇ ਜਾਣ ਦੀ ਤਰ੍ਹਾਂ ਹਨ। ਉਚਾਈ ਤੱਕ ਜਾਣ ਲਈ ਮਿਹਨਤ ਵੀ ਕਰਨੀ ਪੈਂਦੀ ਹੈ ਅਤੇ ਸਮਾਂ ਵੀ ਲਗਦਾ ਹੈ। ਸਬਰ ਵੀ ਰੱਖਣਾ ਪੈਂਦਾ ਹੈ ਅਤੇ ਤਰੀਕਿਆਂ ਦੀ ਖੋਜ ਵੀ ਕਰਨੀ ਪੈਂਦੀ ਹੈ।

ਕਿਸੇ ਵੀ ਸਿਹਤਮੰਦ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਵਿਚ ਔਰਤ ਦੀ ਭੂਮਿਕਾ ਅਹਿਮ ਹੁੰਦੀ ਹੈ। ਜਿਸ ਸਮਾਜ ਵਿਚ ਔਰਤ ਦੀ ਇੱਜ਼ਤ ਨਹੀਂ, ਉਹ ਸਮਾਜ ਕਦੇ ਵੀ ਕਿਸੇ ਲਈ ਪ੍ਰੇਰਨਾ ਨਹੀਂ ਬਣਦਾ। ਔਰਤ ਦੇ ਸਹਿਯੋਗ ਤੋਂ ਬਗੈਰ ਖੁਸ਼ਹਾਲੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਜਿਸ ਸਮਾਜ ਵਿਚ ਔਰਤ ਅਗਿਆਨਤਾ ਦੇ ਹਨੇਰੇ ਵਿਚ ਹੋਵੇ, ਉਸ ਸਮਾਜ ਵਿਚ ਬਾਹਰਲੀਆਂ ਰੌਸ਼ਨੀਆਂ ਚਾਨਣ ਦੇਣ ਦੀ ਬਜਾਏ ਸੋਚ ਦੀਆਂ ਅੱਖਾਂ ਨੂੰ ਹੋਰ ਅੰਨ੍ਹਾ ਕਰਦੀਆਂ ਹਨ। ਇਕ ਪੜ੍ਹੀ-ਲਿਖੀ ਰੌਸ਼ਨ ਦਿਮਾਗ ਬੇਟੀ ਸਮਾਜ ਦੀ ਨਿਰਮਾਤਾ ਹੈ। ਸਿਰਫ ਚੰਗੇ ਹੋਣਾ ਹੀ ਕਾਫੀ ਨਹੀਂ, ਸਿਆਣੇ ਹੋਣਾ ਵੀ ਜ਼ਰੂਰੀ ਹੈ। ਜਿਹੜੇ ਸੰਸਕਾਰ ਬੱਚਿਆਂ ਨੂੰ ਮਾਵਾਂ ਦੇ ਸਕਦੀਆਂ ਹਨ, ਉਹ ਸੰਸਕਾਰ ਸੰਸਾਰੀ ਦੌਲਤਾਂ ਨਾਲ ਖਰੀਦੇ ਨਹੀਂ ਜਾ ਸਕਦੇ। ਸੰਸਾਰੀ ਦੌਲਤ ਭਾਵੇਂ ਜਿੰਨੀ ਮਰਜ਼ੀ ਵੱਡੀ ਹੋਵੇ, ਚੰਗੇ ਸੰਸਕਾਰਾਂ ਤੋਂ ਬਿਨਾਂ ਉਹ ਕਦੇ ਵੀ ਸਾਨੂੰ ਤਸੱਲੀ ਨਹੀਂ ਦਿੰਦੀ। ਜੋ ਬਰਾਬਰੀ ਨਹੀਂ ਕਰ ਸਕਦੇ, ਉਹੀ ਤੁਹਾਡੀ ਬੁਰਾਈ ਕਰਦੇ ਹਨ। ਇਕ ਉਸਾਰੂ ਆਲੋਚਨਾ ਸੁਣ ਕੇ ਜ਼ਿੰਦਗੀ ਸੰਵਾਰਨ ਨਾਲੋਂ ਕਈ ਝੂਠੀ ਤਾਰੀਫ ਸੁਣ ਕੇ ਆਪਣਾ ਜੀਵਨ ਬਰਬਾਦ ਕਰ ਲੈਂਦੇ ਹਨ।

ਕੁਝ ਕੁ ਚੋਣਵੇਂ ਸਮਾਜ ਨਿਰਮਾਤਾ ਚੰਗੇ ਸਮਾਜ ਦੀ ਸਿਰਜਣਾ ਨਹੀਂ ਕਰ ਸਕਦੇ। ਇਸ ਕਾਰਜ ਦੀ ਸਫਲਤਾ ਲਈ ਉਸ ਸਮਾਜ ਦੀ ਸਮੁੱਚੀ ਔਰਤ ਜਾਤੀ ਦੀ ਦਸ਼ਾ ਅਤੇ ਦਿਸ਼ਾ ਨੂੰ ਸੁਧਾਰਨਾ ਅਤੇ ਮਜ਼ਬੂਤ ਕਰਨਾ ਪਵੇਗਾ। ਔਰਤ ਦੀ ਜ਼ਿੰਦਗੀ ਨਾਲ ਜੁੜੇ ਕਈ ਫਾਲਤੂ ਕਿਸਮ ਦੇ ਡਰ ਦੂਰ ਕਰਨੇ ਪੈਣਗੇ। ਕਈ ਤੌਖਲੇ ਉਸ ਦੀ ਜ਼ਿੰਦਗੀ ਵਿਚੋਂ ਬਾਹਰ ਕਰਨੇ ਪੈਣਗੇ। ਜਿਸ ਸਮਾਜ ਵਿਚ ਔਰਤ ਜਿੰਨੀ ਵੱਧ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰੇਗੀ, ਓਨੀਆਂ ਹੀ ਉਸ ਸਮਾਜ ਵਿਚ ਖੁਸ਼ਹਾਲੀ ਦੀਆਂ ਰਾਹਾਂ ਬਣਨਗੀਆਂ। ਔਰਤ ਦੀ ਜ਼ਿੰਦਗੀ ਵਿਚ ਜਿੰਨੇ ਟੋਏ-ਟਿੱਬੇ ਘੱਟ ਹੋਣਗੇ, ਓਨੀ ਹੀ ਉਸ ਸਮਾਜ ਵਿਚ ਅਣਚਾਹੀਆਂ ਘਟਨਾਵਾਂ ਦੀ ਗਿਣਤੀ ਘੱਟ ਹੋਵੇਗੀ। ਖਿਆਲਾਂ ਦੀ ਕਿਤਾਬ ਜਿੰਨੀ ਸਰਲ, ਸਾਦੀ ਅਤੇ ਉਸਾਰੂ ਹੋਵੇਗੀ, ਜ਼ਿੰਦਗੀ ਓਨੀ ਹੀ ਵੱਧ ਹੁਸੀਨ, ਰੌਚਕ, ਦਿਲਚਸਪ ਅਤੇ ਮਜ਼ਬੂਤ ਹੋਵੇਗੀ। ਇਸ ਤੋਂ ਪਹਿਲਾਂ ਕਿ ਹਾਲਾਤ ਤੁਹਾਡੀ ਜ਼ਿੰਦਗੀ ਬਦਲ ਦੇਣ, ਤੁਸੀਂ ਉੱਠੋ ਅਤੇ ਹਿੰਮਤ ਕਰੋ ਅਤੇ ਆਪਣੇ ਹਾਲਾਤ ਬਦਲ ਦਿਓ। ਚੰਗੀ ਅਤੇ ਉਸਾਰੂ ਸੋਚ ਤੁਹਾਡੀ ਜ਼ਿੰਦਗੀ ਦੇ ਉਹ ਖੰਭ ਹਨ, ਜੋ ਤੁਹਾਨੂੰ ਖੁੱਲ੍ਹੇ ਅਸਮਾਨ ਵਿਚ ਉੱਚੀਆਂ ਉਡਾਰੀਆਂ ਮਾਰਨ ਦੇ ਕਾਬਲ ਬਣਾਉਂਦੇ ਹਨ। ਸਾਡੀ ਅਸਫਲਤਾ ਸਾਨੂੰ ਦੱਸਦੀ ਹੈ ਕਿ ਸਾਡੇ ਯਤਨਾਂ ਵਿਚ ਅਜੇ ਕਮੀ ਹੈ। ਕਮੀ ਸਾਡੇ ਵਿਚ ਨਹੀਂ, ਬਲਕਿ ਸਾਡੇ ਯਤਨਾਂ ਵਿਚ ਹੁੰਦੀ ਹੈ। ਕਿਸਮਤ ਰਸਤਾ ਨਹੀਂ ਰੋਕਦੀ, ਬਲਕਿ ਡਰ, ਤੌਖਲੇ, ਚਿੰਤਾ, ਗ਼ਲਤ ਆਦਤਾਂ ਅਤੇ ਆਲਸ ਹੀ ਸਾਡਾ ਰਸਤਾ ਰੋਕਦੇ ਹਨ। ਮਿਹਨਤ ਉਹ ਚਾਬੀ ਹੈ, ਜੋ ਸਾਡੀ ਕਿਸਮਤ ਦੇ ਹਰ ਜਿੰਦਰੇ ਨੂੰ ਖੋਲ੍ਹਣ ਦੇ ਸਮਰੱਥ ਹੈ। ਹਿੰਮਤ ਤੋਂ ਬਗੈਰ ਇਰਾਦਾ ਖੋਟੇ ਪੈਸੇ ਦੀ ਤਰ੍ਹਾਂ ਹੈ। ਯੋਜਨਾ ਤੋਂ ਬਗੈਰ ਮਿਹਨਤ ਟੱਕਰਾਂ ਹੈ। ਸਦੀਆਂ ਤੋਂ ਸਮਾਜ ਦੇ ਕਈ ਬੇਲੋੜੇ ਫਿਕਰਾਂ ਨੇ ਔਰਤ ਦੀ ਯੋਗਤਾ, ਹਿੰਮਤ ਅਤੇ ਸੰਭਾਵਨਾਵਾਂ ਦੇ ਖੰਭ ਕੁਤਰੇ ਹਨ। ਇਸ ਲਈ ਸਾਡੇ ਸਮਾਜ ਵਿਚ ਖੁਸ਼ਹਾਲੀ ਦਾ ਸੰਕਲਪ ਅਜੇ ਅਧੂਰਾ ਹੈ। ਸਾਡੀ ਮਾਨਸਿਕ ਇੱਛਾ ਸ਼ਕਤੀ ਅਜੇ ਬਲਵਾਨ ਨਹੀਂ ਹੋਈ ਹੈ। ਕੁਝ ਨਵਾਂ ਖੋਜਣ ਲਈ, ਕੁਝ ਨਵਾਂ ਖੋਦਣਾ ਵੀ ਪਵੇਗਾ। ਨਵੇਂ ਰਸਤੇ ਖੋਜਣ ਲਈ ਪੁਰਾਣੀਆਂ ਧਾਰਨਾਵਾਂ ਨੂੰ ਬਦਲਨਾ ਪਵੇਗਾ। ਜਦੋਂ ਔਰਤਾਂ ਕੋਲ ਆਪਣੀ ਜ਼ਿੰਦਗੀ ਆਪ ਜਿਊਣ ਦੇ ਅਸੂਲ ਹੋਣਗੇ, ਆਪਣੇ ਫ਼ੈਸਲੇ ਆਪ ਕਰਨ ਦੀ ਆਜ਼ਾਦੀ ਹੋਵੇਗੀ, ਆਪਣੇ ਸੁਪਨੇ ਆਪ ਪੂਰੇ ਕਰਨ ਦਾ ਨਿਸਚਾ ਹੋਵੇਗਾ, ਈਰਖਾ ਤੋਂ ਮੁਕਤ ਰੂਹ ਦਾ ਖੇੜਾ ਹੋਵੇਗਾ, ਸੋਚ ਵਿਚ ਮੌਲਿਕਤਾ ਅਤੇ ਦਿਮਾਗ ਵਿਚ ਸਮਝ ਹੋਵੇਗੀ ਤਾਂ ਉਸ ਸਮਾਜ ਵਿਚ ਖੁਸ਼ਹਾਲੀ ਅਤੇ ਤੰਦਰੁਸਤੀ ਦੀ ਆਮਦ ਆਪਣੇ-ਆਪ ਹੋਵੇਗੀ।

ਯੋਜਨਾ ਤੋਂ ਬਗੈਰ ਮਿਹਨਤ ਟੱਕਰਾਂ ਹੈ। ਸਦੀਆਂ ਤੋਂ ਸਮਾਜ ਦੇ ਕਈ ਬੇਲੋੜੇ ਫਿਕਰਾਂ ਨੇ ਔਰਤ ਦੀ ਯੋਗਤਾ, ਹਿੰਮਤ ਅਤੇ ਸੰਭਾਵਨਾਵਾਂ ਦੇ ਖੰਭ ਕੁਤਰੇ ਹਨ। ਇਸ ਲਈ ਸਾਡੇ ਸਮਾਜ ਵਿਚ ਖੁਸ਼ਹਾਲੀ ਦਾ ਸੰਕਲਪ ਅਜੇ ਅਧੂਰਾ ਹੈ।

-ਅਮਰਜੀਤ ਬਰਾੜ

ਸੋਚੀ ਪੈ ਗਏ ਜੀਅ ਵੇ ਬਾਬਲਾ

ਮੇਰੀ ਮਾਂ ਗੱਲਾਂ ਕਰਦੀ ਹੁੰਦੀ ਏ, ਕਿ ਜਦੋਂ ਮੇਰਾ ਜਨਮ ਹੋਇਆ ਸੀ ਤਾਂ ਮੇਰੀ ਦਾਦੀ ਦੇ ਸੌਂ ਘੜਾ ਸਿਰ 'ਚ ਪਾਣੀ ਦਾ ਪੈ ਗਿਆ ਸੀ। ਉਸਨੇ ਕਿਹਾ ਕਿ ਸੀ ਕਿ ਕਿੱਥੋਂ ਸਾਡੇ ਘਰ ਪੱਥਰ ਆ ਡਿੱਗਿਆ।ਇਕ ਪੱਥਰ ਮਸਾਂ ਤੋਰਿਆ ਸੀ(ਮੇਰੀ ਭੂਆ) ਦੂਜੀ ਇਹ ਕਿੱਥੋਂ ਸਾਨੂੰ ਪਾਪ ਲੱਗ ਗਈ। ਜਦੋਂ ਮਾਂ ਮੈਨੂੰ ਨਾਨਕਿਆਂ ਤੇ ਪਹਿਲੀ ਵਾਰ ਦਾਦਕੇ ਪਿੰਡ ਲੈ ਕੇ ਆਈ ਸੀ ਤਾਂ ਤਿੰਨ ਦਿਨ ਦਾਦੀ ਨੇ ਮੇਰਾ ਮੂੰਹ ਵੀ ਨਹੀਂ ਸੀ ਦੇਖਿਆ ਤੇ ਦੋ ਦਿਨ ਰੋਟੀ ਵੀ ਨਹੀਂ ਖਾਂਧੀ । ਸਮਾਂ ਲੰਘਦਾ ਗਿਆ। ਮੇਰਾ ਦਾਦੀ ਨਾਲ ਇਨ੍ਹਾਂ ਪਿਆਰ ਸੀ ਕਿ ਮੈਂ ਉਸ ਤੋਂ ਬਿਨਾਂ ਇੱਕ ਪਲ ਵੀ ਨਹੀਂ ਸੀ ਕੱਟਦੀ। ਆਂਗਣਵਾੜੀ 'ਚ ਲੱਗੀ ਹੋਣ ਕਰਕੇ ਮੈਂ ਉਸ ਨਾਲ ਉਂਗਲ ਫੜਕੇ ਨਾਲ ਜਾਂਦੀ। ਜਦੋਂ ਮੈਂ ਨਿੱਕੀਆਂ ਨਿੱਕੀਆਂ ਕਵਿਤਾਵਾਂ ਬੋਲਦੀ ਦਾਦੀ ਬਹੁਤ ਖੁਸ਼ ਹੁੰਦੀ। ਫਿਰ ਥੋੜ੍ਹੇ ਸਮੇਂ ਵਿੱਚ ਹੀ ਨਾ - ਮੁਰਾਦ ਬਿਮਾਰੀ ਨੇ ਦਾਦੀ ਨੂੰ ਮੇਰੇ ਤੋਂ ਹਮੇਸ਼ਾ ਲਈ ਖੋਹ ਲਿਆ। ਐਨੇ ਸਾਲ ਹੋ ਗਏ ਰੋਜ ਸੁਪਨੇ 'ਚ ਉਡੀਕਦਿਆਂ ਦਾਦੀ ਕਦੇ ਸੁਪਨੇ 'ਚ ਵੀ ਨਹੀਂ ਆਈ।

ਸੀਤੀ ਮੇਰੇ ਨਾਲੋਂ ਇਕ ਜਮਾਤ ਪਿੱਛੇ ਸੀ ਘਰ ਕੋਲੋਂ ਕੋਲੀ ਹੋਣ ਕਰਕੇ ਅਸੀ ਸਕੂਲ ਇਕੱਠੀਆਂ ਹੀ ਜਾਂਦੀਆਂ ਸਾਂ। ਸੀਤੀ ਪੜ੍ਹਨ 'ਚ ਕੋਈ ਬਹੁਤੀ ਹੁਸ਼ਿਆਰ ਨਹੀਂ ਸੀ। ਅੱਠਵੀਂ ਵਿੱਚੋਂ ਫੇਲ੍ਹ ਹੋ ਗਈ । ਘਰਦਿਆਂ ਨੇ ਸਕੂਲੋਂ ਹਟਾ ਕੇ ਵਿਆਹ ਕਰ ਦਿੱਤਾ। ਕੱਚੀ ਉਮਰ ਤੇ ਕਣਕ ਭਿੰਨੇ ਰੰਗ ਦੀ ਵਿਆਹੀ ਉਹ ਲਾਟ ਵਾਂਗ ਲੱਗਦੀ ਸੀ। ਹੁਣ ਤਾਂ ਕਦੇ ਸਬੱਬੀਂ ਤੀਆਂ 'ਚ ਹੀ ਮਿਲਦੀਆਂ ਸਾਂ ਅਸੀਂ। ਦੋ ਕੁ ਸਾਲਾਂ ਵਿੱਚ ਹੀ ਉਹ ਘੁਣ ਵਾਂਗ ਖਾਧੀ ਸ਼ਤੀਰੀ ਵਰਗੀ ਹੋ ਗਈ। ਮਾਂ ਪਿਉ ਨੇ ਬਥੇਰਾ ਘਰ ਲਾਇਆ ਸੀ। ਕੋਈ ਕਸਰ ਨਹੀਂ ਸੀ ਛੱਡੀ। ਵਿਤੋਂ ਬਾਹਰ ਹੋ ਕੇ ਉਹਦੇ ਵਿਆਹ ਤੇ ਪੈਸਾ ਲਾਇਆ ਸੀ। ਆਥਣ ਦਾ ਠੰਢਾ ਜਿਹਾ ਸੂਰਜ ਡੁੱਬ ਰਿਹਾ ਸੀ। ਥੋੜੀ ਦੂਰੋਂ ਵਿਰਲਾਪ ਦੀਆਂ ਚੀਕਾਂ ਦੀ ਅਵਾਜ਼ ਆਉਣ ਲੱਗੀ। ਸੀਤੀ ਨੇ ਸਹੁਰਿਆ ਨੇ ਕਰੰਟ ਲਾ ਕੇ ਮਾਰ ਦਿੱਤਾ ਸੀ।

ਜੱਸੀ ਦਾ ਘਰ ਪਿੰਡ ਦੇ ਦੂਜੇ ਪਾਸੇ ਛਿਪਦੇ ਵੱਲ ਸੀ। ਮੇਰੇ ਤੋਂ 5-4 ਸਾਲ ਵੱਡੀ ਸੀ। ਮੇਰੇ ਵਿਹੰਦਿਆਂ ਵਿਹਿੰਦਿਆਂ ਹੀ ਉਸ ਦਾ ਵਿਆਹ ਹੋਇਆ ਸੀ। ਮਾਪਿਆਂ ਨੇ ਚੰਗਾ ਜ਼ਮੀਨ ਜਾਇਦਾਦ ਵਾਲਾ ਘਰ ਭਾਲਿਆ ਸੀ। ਕੋਈ ਕਸਰ ਨਹੀਂ ਸੀ ਛੱਡੀ ਦਾਜ ਦੇਣ ਦੀ। ਪਰ ਘਰ ਵਾਲਾ ਸ਼ਰਾਬੀ ਕਬਾਬੀ ਸੀ। ਵਿਆਹ ਤੋਂ ਸਾਲ ਕੁ ਬਾਅਦ ਹੀ ਸਹੁਰਿਆ ਨੇ ਆਪਣੇ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ ਸਨ। ਕਰਦੇ ਕਰਾਉਂਦਿਆਂ 6 ਕੁ ਸਾਲ ਬੀਤ ਗਏ ਸਨ। ਸੁੱਖ ਨਾਲ ਦੋ ਬੱਚੇ ਵੀ ਹੋ ਗਏ ਸਨ। ਪਰ ਪਤੀ ਦੇਵ ਰੋਜ ਸ਼ਰਾਬ ਪੀ ਕੇ ਕੁੱਟਦਾ ਮਾਪਦਾ ਤੇ ਘਰੋਂ ਕੱਢ ਦਿੰਦਾ । ਕਈ ਵਾਰ ਉਹ ਬੱਚਿਆ ਸਮੇਤ ਗੁਆਂਢੀਆਂ ਦੇ ਘਰ ਕੱਟਦੀ। ਪਰ ਕੋਈ ਕਿੰਨੇ ਕੁ ਦਿਨ ਆਪਣੇ ਘਰ ਰੱਖਦਾ ਏ ਭਲਾ ? ਇਕ ਰਾਤ ਨੂੰ ਉਹੀ ਕੰਜਰ ਕਲੇਸ਼ 'ਚ ਉਹਨੇ ਕੁੱਟ ਕੇ ਬੱਚਿਆ ਸਮੇਤ ਘਰੋਂ ਕੱਢ ਦਿੱਤਾ। ਰਾਤ ਨੂੰ ਉਸਨੇ ਪਸ਼ੂਆਂ ਵਾਲੇ ਵਾੜੇ ਵਿੱਚ ਤੇ ਤੁਰ ਪਈ। ਸਵੇਰੇ ਹੁੰਦਿਆਂ ਹੀ ਉਹ ਅਣਦਿਸੇ ਰਾਹ ਤੇ ਤੁਰ ਪਈ। ਬੱਚਿਆਂ ਨੂੰ ਗੁਆਂਢੀਆਂ ਦੇ ਘਰੇ ਛੱਡ ਕੇ ਆਪ ਸੂਏ ਤੇ ਆ ਕੇ ਛਾਲ ਮਾਰ ਦਿੱਤੀ। ਤਿੰਨ ਦਿਨਾਂ ਮਗਰੋਂ ਲਾਸ਼ ਲੱਭੀ।

ਬੰਤੀ ਨੇ ਦਸਵੀਂ ਕੀਤੀ। ਚੰਗੇ ਸੋਹਣੇ ਨੰਬਰ ਲਏ। ਅੱਗੇ ਪੜ੍ਹਨ ਲਈ ਦਾਖਲਾ ਭਰਿਆ । ਪਰ ਘਰਦਿਆਂ ਨੇ ਚੰਗੀ ਜ਼ਮੀਨ ਵਾਲਾ ਮੁੰਡਾ ਲੱਭ ਕੇ ਵਿਆਹ ਕਰ ਦਿੱਤਾ। ਅੱਡੀਆਂ ਚੁੱਕ ਕੇ ਦਾਜ ਨਾਲ ਸਹੁਰਿਆਂ ਦਾ ਘਰ ਭਰਿਆ। ਮੁੰਡਾ ਇੱਕ ਲਾ ਸੀ। ਤੇ ਚਾਰ ਭੈਣਾਂ ਸਨ। ਸਾਲ ਕੁ ਬਾਅਦ ਉਹੀ ਹੋਇਆ ਜੋ ਦਹਾਕਿਆਂ ਤੋਂ ਹੁੰਦਾ ਆਇਆ ਹੈ। ਮੁੰਡੇ ਦੀਆਂ ਭੈਣਾਂ ਦੀ ਘਰ 'ਚ ਦਖਲਅੰਦਾਜੀ ਬਹੁਤ ਸੀ। ਬੰਤੀ ਦੇ ਕੋਈ ਬਾਲ ਬੱਚਾ ਨਾ ਹੋਇਆ। ਨਣਦਾਂ ਤਾਂ ਪਹਿਲਾਂ ਹੀ ਮਾਨ ਨਹੀਂ ਸਨ। ਉਨ੍ਹਾਂ ਨੂੰ ਹੋਰ ਬਹਾਨਾ ਮਿਲ ਗਿਆ। ਗੱਲ ਗੱਲ ਤੇ ਉਖੜੀ ਕੁਹਾੜੀ ਦੀ ਤਰ੍ਹਾਂ ਪੈਂਦੀਆਂ। ਬੰਤੀ ਨੂੰ ਸਾਰਾ ਟੱਬਰ ਅੰਦਰ ਵਾੜ ਕੇ ਕੁੱਟਦਾ। ਕੁੱਟ ਕੁੱਟ ਪਿੰਡੇ ਤੇ ਲਾਸ਼ਾਂ ਖੜ੍ਹਾਂ ਦਿੰਦੇ ਬਥੇਰਾ ਐਸੀਆਂ ਪਾਉਂਦੀ। ਪਾਣੀ ਸਿਰੋਂ ਦੀ ਲੰਘ ਚੁੱਕਾ ਸੀ। ਦੱਸਦੇ ਨੇ ਇਕ ਦਿਨ ਆਥਣ ਵੇਲੇ ਨਣਦਾਂ ਤੇ ਸਾਰੇ ਟੱਬਰ ਬਹੁਤ ਕੁੱਟੀ ਤੇ ਜਦੋਂ ਮਰ ਗਈ ਤਾਂ ਲਾਸ਼ ਨੂੰ ਪੱਖੇ ਨਾਲ ਬੰਨ੍ਹ ਕੇ ਆਤਮ ਹੱਤਿਆ ਦੱਸਿਆ ਕਹਾਣੀ ਤਾਂ ਬੀਤ ਚੁੱਕੀ ਸੀ। ਪੇਕਿਆਂ ਨੂੰ ਬੁਲਾਇਆ। ਮਾਂ ਦੇ ਵੈਣ ਅਸਮਾਨ ਨੂੰ ਚੀਰ ਗਏ।

ਤੇਰੇ ਚਾਦਰ ਤੇ ਪਾਏ ਫੁੱਲ ਬੂਟੇ ਵੀ
ਰੋਂਦੇ ਨੀ ਮੇਰੀ ਰਾਣੀਏ ਧੀਏ।
ਹਤਿਆਰਿਆਂ ਨੂੰ ਕਿਤੇ ਨਾ ਮਿਲੇ
ਢੋਈ ਨੀ ਮੇਰੀ ਰਾਣੀਏ ਧੀਏ।

ਪੁਲਿਸ ਵਾਲਿਆ ਨੇ ਲਾਸ਼ ਥੱਲੇ ਲਾਹੀ। ਬਾਪ ਸੋਚੀ ਪਿਆ ਲਾਸ਼ ਵੱਲ ਬਿਟਰ -ਬਿਟਰ ਝਾਕ ਰਿਹਾ ਸੀ। ਸੱਚ ਮੁਚ ਹੀ ਲੋਕ ਬੋਲੀਆਂ ਮੱਖਣ ਦੀ ਤਰ੍ਹਾਂ ਸਮਾਜ ਚੋ ਰਿੜਕ - ਰਿੜਕ ਕੇ ਨਿਕਲ ਦੀਆਂ ਹਨ।

ਜੇ ਘਰ ਜਨਮੀਂ ਧੀ ਵੇ ਬਾਬਲਾ,
ਸੋਚੀਂ ਪੈ ਗਏ ਜੀਅ ਵੇ ਬਾਬਲਾ।

ਅੰਮ੍ਰਿਤਪਾਲ ਕੌਰ ਕਲੇਰ